# ਪਿਆਰੇ ਆਉ ਘਰੇ

## ਜਸਵੰਤ ਜ਼ਫ਼ਰ

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

# ਪਿਆਰੇ ਆਉ ਘਰੇ

*Original with;*
Jaswant Singh Zafar
*Digitized by;*
Panjab Digital Library

**ਏਸ ਤੋਂ ਪਹਿਲਾਂ**

| | |
|---|---|
| ਦੋ ਸਾਹਾਂ ਵਿਚਕਾਰ | (ਕਵਿਤਾ) |
| ਅਸੀਂ ਨਾਨਕ ਦੇ ਕੀ ਲਗਦੇ ਹਾਂ | (ਕਵਿਤਾ) |
| ਸਿਖੁ ਸੁ ਖੋਜਿ ਲਹੈ | (ਵਾਰਤਕ) |
| ਇਹ ਬੰਦਾ ਕੀ ਹੁੰਦਾ | (ਕਵਿਤਾ) |
| ਮੈਨੂੰ ਇਉਂ ਲੱਗਿਆ | (ਵਾਰਤਕ) |
| ਭਗਤੁ ਸਤਿਗੁਰੂ ਹਮਾਰਾ | (ਵਾਰਤਕ) |
| ਲਫ਼ਜ਼ਾਂ ਦਾ ਪਰਲਾ ਪੱਤਣ/ The Other Shore of Words | (ਕਵਿਤਾ) |

*Original with;*
Jaswant Singh Zafar
*Digitized by;*
Panjab Digital Library

# ਪਿਆਰੇ ਆਉ ਘਰੇ

(ਕਵਿਤਾਵਾਂ)

ਜਸਵੰਤ ਜ਼ਫ਼ਰ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

*Original with;*
Jaswant Singh Zafar
*Digitized by;*
Panjab Digital Library

# Piare Aao Gharey

Poems by

**Jaswant Zafar** ©
28, Basant Vihar, Jawaddi
Ludhiana-141013
99888-03277
jaszafar@yahoo.com

**ISBN : 978-93-87629-88-2**

**Rs. 150/-**

**2019**

*Printed and Bound In India*

*Published by*

**A Group of**

**Chetna Parkashan**

PUNJABI BHAWAN, LUDHIANA (Pb.) INDIA
**KOTKAPURA | CANADA | USA**
Ph. 0161-2413613, 2404928, (M) 98152-98459, 98762-07774
Ph.: 95011-45039
Website: www.chetnaparkashan.com
E-mail: chetnaparkashan@gmail.com, gulatipublishersltd@gmail.com

Printer : R.K. Offset, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

*Original with;*
Jaswant Singh Zafar
*Digitized by;*
Panjab Digital Library

ਪੈਗ਼ੰਬਰ ਗੁਰੂ ਨਾਨਕ ਮਹਾਨ
ਦੇ
550ਵੇਂ ਜਨਮ ਵਰ੍ਹੇ
'ਤੇ
ਕੀਰਤ, ਸੁਖਮਨੀ ਅਤੇ ਜਾਸਮੀਨ
ਲਈ

*Original with;*
Jaswant Singh Zafar
*Digitized by;*
Panjab Digital Library

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥
ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ॥

ਗੁਰੂ ਨਾਨਕ

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥
ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ॥

ਗੁਰੂ ਰਾਮਦਾਸ

*Original with;*
Jaswant Singh Zafar
*Digitized by;*
Panjab Digital Library

# ਤਤਕਰਾ


| | |
|---|---|
| ਆਓ ਘਰੇ | 14 |
| ਦੂਜਾ ਪਾਸਾ | 15 |
| ਮੋੜ | 16 |
| ਗੁਰਧਾਨੀ | 17 |
| ਗੁਰੂ ਤੇਗ਼ ਬਹਾਦਰ | 20 |
| ਬਖ਼ਸ਼ ਦਿਓ | 22 |
| ਚਿਤਰ ਬਨਾਮ ਇਤਿਹਾਸ | 23 |
| ਮੁਹਿਦੀਨ ਮੁਹੰਮਦ ਤੋਂ ਮਾਫ਼ੀ ਸਹਿਤ | 24 |
| ਕੀੜਾ | 26 |
| ਨਜਾਇਜ਼ | 27 |
| ਖ਼ਤਰਾ | 28 |
| ਪੁੱਠੇ ਕੌਮਿਆਂ ਤੋਂ ਖ਼ਤਰਾ | 29 |
| ਕਿਤਾਬ ਕਿ ਅਖ਼ਬਾਰ | 30 |
| ਭੁੱਸ | 31 |
| ਆਕਾਸ਼ | 33 |
| ਰੋਟੀ ਮਿੱਟੀ | 34 |
| ਆਪਣੇ ਆਪ ਨਾਲ਼ | 35 |
| ਫ਼ਰਕ | 37 |
| ਕਰ ਲਓ ਗੱਲ | 38 |
| ਰੇਪ | 39 |
| ਹਵਾ ਯੁੱਗ | 40 |
| ਕਵੀ ਕਿ ਕਵਿਤਾ | 43 |



*Original with;*
Jaswant Singh Zafar
*Digitized by;*
Panjab Digital Library

| | | |
|---|---|---|
| ਯਾਦਾਂ ਵਿਚਲਾ ਕਵਿਤਾ ਉਤਸਵ | ................................ | 45 |
| ਜੋਗਾ | ................................ | 48 |
| ਦੇਵ-ਨੀਤੀ ਦਾ ਖਰੜਾ | ................................ | 49 |
| ਪਹਿਰੇਦਾਰੀ | ................................ | 51 |
| ਖਿੜਕੀ ਦੇ ਅੰਦਰ ਤੇ ਬਾਹਰ | ................................ | 52 |
| ਜੋੜ-ਤੋੜ | ................................ | 54 |
| ਜਲਵਾ | ................................ | 55 |
| ਸਾਥ | ................................ | 56 |
| ਸਤਿਸੰਗੀ | ................................ | 57 |
| ਮੈਂ ਤੇਰੇ ਲਈ | ................................ | 58 |
| ਬੇਵਸੀ | ................................ | 59 |
| ਛੋਹ | ................................ | 60 |
| ਚਾਹਤ | ................................ | 61 |
| ਹੋਰ ਪਰੇ | ................................ | 62 |
| ਕਚਨਾਰ | ................................ | 63 |
| ਪੰਜ ਰੂਪ | ................................ | 65 |
| ਅਖੰਡ ਜਾਪ | ................................ | 66 |
| ਪ੍ਰੇਮ | ................................ | 67 |
| ਮੁਹੱਬਤ | ................................ | 69 |
| ਸਿਮਰਨ | ................................ | 70 |
| ਬੱਸ ਏਨਾ ਯਾਦ ਰੱਖੀਂ | ................................ | 71 |
| ਬਿਲਕੁਲ ਉਵੇਂ | ................................ | 72 |
| ਨੰਗੇਜ਼ | ................................ | 73 |
| ਜੱਫੀ | ................................ | 74 |

*Original with;*
Jaswant Singh Zafar
*Digitized by;*
Panjab Digital Library

ਤੇਰੇ ਬਾਰੇ ........ 76
ਚੋਟੀ ........ 77
ਸਖੀਆਂ ........ 78
ਸੁੱਚਾ ਕੀਤਾ ........ 80
ਤਾਂਘ ........ 81
ਸੋਹਣੀਆਂ ਅੱਖਾਂ ........ 82
ਜੁਗਤੀ ........ 83
ਕੁਰੱਪਟ ਸਾਫਟ ਵੇਅਰ ........ 84
ਪੀਲੇ ਪੰਛੀ ........ 85
ਸੁੱਕੀ ਬਾਉਲੀ ........ 86
ਭਾਂਡਾ ਕਹੇ ਕੁਮਹਾਰ ........ 88
ਅਸਲ ਯਾਤਰੂ ........ 90
ਦੋਹੇ ........ 91
ਸਾਜ਼ ਤੇ ਆਵਾਜ਼ ........ 93
ਸਖੀਏ ........ 94
ਗੀਤ ........ 96
ਇਸ਼ਕ ........ 98
ਸ਼ਿੰਗਾਰ ਗੀਤ ........ 100
ਗ਼ਜ਼ਲ-1 ........ 102
ਗ਼ਜ਼ਲ-2 ........ 104
ਗ਼ਜ਼ਲ-3 ........ 105
ਗ਼ਜ਼ਲ-4 ........ 106
ਗ਼ਜ਼ਲ-5 ........ 107

*Original with;*
Jaswant Singh Zafar
*Digitized by;*
Panjab Digital Library

ਪਿਆਰ ਕਰਨਾ ਕਿਸੇ 'ਤੇ ਅਹਿਸਾਨ ਕਰਨਾ ਨਹੀਂ ਹੁੰਦਾ। ਪਿਆਰ ਕੀਤੇ ਬਿਨਾਂ ਸਾਡਾ ਆਪਣਾ ਗੁਜ਼ਾਰਾ ਨਹੀਂ। ਪਿਆਰ ਬੰਦੇ ਦਾ ਆਪਣੇ ਆਪ ਤੋਂ ਬਾਹਰ ਨੂੰ ਫ਼ੈਲਣ ਦਾ ਨਾਂ ਹੈ, ਇਹੀ ਵਿਕਾਸ ਹੈ। ਇਸ ਤੋਂ ਉਲਟ ਹਉਮੈਂ ਆਪਣੇ ਸੁੰਗੜਨ ਦੀ ਮਾਰੂ ਸਥਿਤੀ ਹੈ। ਆਪਣੇ ਆਪ ਨੂੰ ਹੋਰਾਂ ਨਾਲ ਜੋੜਨਾ ਪਿਆਰ ਹੈ ਅਤੇ ਹਉਮੈਂ ਹੋਰਾਂ ਨਾਲੋਂ ਟੁੱਟੇ ਹੋਣਾ। ਸ੍ਰਿਸ਼ਟੀ ਦੀ ਪੂਰੀ ਅਸੀਮਤਾ ਤੱਕ ਆਪਣੇ ਆਪ ਨੂੰ ਜੋੜਨਾ ਪਿਆਰ ਦੀ ਆਦਰਸ਼ਕ ਸਥਿਤੀ ਹੈ। ਇਹ ਪੈਗ਼ੰਬਰ ਹੋਣ ਦਾ ਲੱਛਣ ਹੈ। ਧਰਮ ਦਾ ਉਦੇਸ਼ ਬੰਦੇ ਨੂੰ ਪਿਆਰਾ ਬਣਾਉਣਾ ਹੈ, ਪੈਗ਼ੰਬਰੀ ਸੁਰਤ ਦੇ ਘਰ ਵਿਚ ਲਿਆਉਣਾ ਹੈ। ਇਸ ਘਰ ਵਿਚ ਵਸਦੇ ਬੰਦੇ ਦੀ ਮੈਂ ਨੂੰ ਹਰ ਪਾਸੇ ਤੂੰ ਦਿਸਦਾ ਹੈ। ਮੈਂ ਅਤੇ ਤੂੰ ਦੇ ਵਿਚਕਾਰ ਸਾਰੇ ਰਿਸ਼ਤੇ ਮੁਹੱਬਤ ਦੇ ਦੁਵੱਲੇ ਅਦਾਨ-ਪ੍ਰਦਾਨ ਦੇ ਬਣ ਜਾਂਦੇ ਹਨ। ਤੂੰ ਦੀ ਇਹ ਖਿੱਚ ਮੈਂ ਨੂੰ ਹਉਮੈਂ ਮੇਟਣ ਵਾਲਾ ਰੰਗਲਾ ਤੇ ਖੁਸ਼ਬੂਦਾਰ ਸੰਸਾਰ ਦਿੰਦੀ ਹੈ। ਇਸ ਘਰ ਵਿਚ ਨਾ ਹੋਣ ਨਾਲ ਬਹੁਤਾ ਕੁਝ ਪਰਾਇਆ ਹੋ ਜਾਂਦਾ ਹੈ ਜਾਂ ਪਰਾਇਆ ਲੱਗਣ ਲੱਗਦਾ ਹੈ। ਪਿਆਰ ਵਿਹੂਣਾ ਬੰਦਾ ਆਪਣੇ ਹੱਥੀਂ ਬਣਾਏ ਘਰ 'ਚ ਰਹਿੰਦਿਆਂ ਵੀ ਪਰਦੇਸੀ ਹੋ ਜਾਂਦਾ ਹੈ ਅਤੇ ਪਿਆਰ ਭਰੇ ਦਿਲ ਵਾਲਾ ਦੁਨੀਆਂ 'ਚ ਕਿਤੇ ਵੀ ਬੈਠਾ ਆਪਣੇ ਘਰ ਵਸਣ ਵਾਂਗ ਸਹਿਜ ਅਤੇ ਟਿਕਾਅ ਵਿਚ ਹੋ ਸਕਦਾ ਹੈ।

ਜੇ ਧਰਮ ਬੰਦੇ ਨੂੰ ਅਜਿਹੀ ਵਲਗਣ ਵਿਚ ਬੰਨ੍ਹਦਾ ਹੈ ਕਿ ਵਲਗਣ ਤੋਂ ਬਾਹਰਲਾ ਸਾਰਾ ਕੁੱਝ ਓਪਰਾ ਜਾਂ ਬੇਗ਼ਾਨਾ ਬਣ ਜਾਂਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਧਰਮ ਨਹੀਂ ਧਰਮ ਦੇ ਨਾਂ 'ਤੇ ਕੁਝ ਹੋਰ ਵਰਤਦਾ ਪਿਆ ਹੈ। ਧਾਰਮਿਕ ਹੋਣ ਦਾ ਅਸਲ ਭਾਵ ਤਾਂ ਸੁਰਤਸਿਰ ਜਾਂ ਟਿਕਟਿਕਾਅ ਵਿਚ ਹੋਣਾ ਹੈ। ਅਜਿਹਾ ਟਿਕਟਿਕਾਅ ਕਿ ਬੰਦੇ ਨੂੰ ਸ੍ਰਿਸ਼ਟੀ ਦੀ ਸਹਿਜ ਹੋਂਦ ਇਕ ਖੇਡ ਵਾਂਗ ਅਤੇ ਇਹ ਖੇਡ ਅਚੰਭੇ ਵਾਂਗ ਲੱਗੇ ਅਤੇ ਇਹ ਅਚੰਭਾ ਮਨ ਨੂੰ ਆਨੰਦ ਅਤੇ ਉਤਸ਼ਾਹ ਨਾਲ ਭਰੀ ਰੱਖੇ।

ਸਾਡੇ ਵਣਜ-ਵਿਹਾਰ, ਧਰਮ-ਕਰਮ, ਵਰਤ-ਵਤੀਰੇ ਆਦਿ ਵਿਚ ਮੁਕਾਬਲੇ-ਬਾਜ਼ੀ ਦਾ ਬੋਲ-ਬਾਲਾ ਹੋ ਗਿਆ ਹੈ। ਇਹ ਮੁਕਾਬਲੇਬਾਜ਼ੀ ਦਿਨੋਂ-ਦਿਨ ਅੰਨ੍ਹੀਂ ਹੁੰਦੀ ਜਾ ਰਹੀ ਹੈ। ਮੁਹੱਬਤ ਤੋਂ ਸੱਖਣੀ ਸਾਰੀ ਸਿਆਸਤ, ਪ੍ਰਬੰਧ, ਵਿਕਾਸ ਅਤੇ ਧਰਮ ਕਾਰਜ ਨਿਰਾ ਕੂੜ ਹਨ। ਬੰਦੇ ਨੂੰ ਗਿਆਨ ਅਤੇ ਸੱਚ ਤੋਂ ਵੀ ਵਧੇਰੇ

*Original with;*
Jaswant Singh Zafar
*Digitized by;*
Panjab Digital Library

ਲੋੜ ਮੁਹੱਬਤ ਦੀ ਹੈ। ਬਾਬਿਆਂ ਨੇ ਆਚਾਰ ਨੂੰ ਸੱਚ ਤੋਂ ਉਪਰ ਰੱਖਿਆ ਅਤੇ ਦੱਸਿਆ ਹੈ। ਹਉਮੈਂ ਰਹਿਤ ਆਚਾਰ ਦਾ ਆਧਾਰ ਮੁਹੱਬਤ ਹੀ ਹੋ ਸਕਦਾ ਹੈ। ਜੰਗ ਵਿਚ ਤਾਂ ਆਪਣੇ ਝੂਠ, ਫ਼ਰੇਬ, ਧੱਕੇ ਆਦਿ ਸਭ ਜਾਇਜ਼ ਮੰਨੇ ਹੀ ਜਾਂਦੇ ਹਨ, ਪਰ ਜਦ ਅਸੀਂ ਆਮ ਜ਼ਿੰਦਗੀ ਵਿਚ ਆਪਣੀਆਂ ਬੇਈਮਾਨੀਆਂ, ਜ਼ਿਆਦਿਤੀਆਂ, ਕਮੀਨਗੀਆਂ ਆਦਿ ਨੂੰ ਜਾਇਜ਼ ਮੰਨਣ ਲੱਗ ਜਾਂਦੇ ਹਾਂ ਤਾਂ ਸਾਡੀ ਮਨੋ ਅਵੱਸਥਾ ਟਿਕਟਿਕਾਅ ਦੀ ਬਜਾਏ ਚੌਵੀ ਘੰਟੇ ਲੱਗੀ ਜੰਗ ਵਾਲੀ ਹੋ ਜਾਂਦੀ ਹੈ। ਪਿਆਰ ਵਿਚ ਇੰਜ ਨਹੀਂ, ਇਸ ਤੋਂ ਉਲਟ ਹੁੰਦਾ ਹੈ, ਦੂਸਰਿਆਂ ਨੂੰ ਉਹਨਾਂ ਦੀਆਂ ਘਾਟਾਂ, ਕਮਜ਼ੋਰੀਆਂ, ਮਜਬੂਰੀਆਂ, ਗ਼ਲਤੀਆਂ ਆਦਿ ਸਮੇਤ ਸਵੀਕਾਰ ਕੀਤਾ ਜਾਂਦਾ ਹੈ।

ਬਹੁਤੀ ਵਾਰ ਅਸੀਂ ਆਪਣੇ ਮੋਹ ਨੂੰ ਹੀ ਪਿਆਰ ਸਮਝਦੇ ਰਹਿੰਦੇ ਹਾਂ। ਜਿਥੇ ਪਿਆਰ ਹੋਰਾਂ ਨੂੰ ਨਿਰਸੁਆਰਥ ਭਾਵ ਨਾਲ ਆਪਣੀ ਸ਼ੁਭ-ਭਾਵਨਾ ਅਤੇ ਸ਼ੁਭ-ਚਿੰਤਨ ਦੇ ਵਿਸ਼ਾਲ ਘੇਰੇ ਵਿਚ ਰੱਖਣਾ ਹੈ ਉਥੇ ਮੋਹ ਆਪਣੀ ਸੰਤਾਨ ਜਾਂ ਪਰਿਵਾਰ ਦੇ ਸੀਮਤ ਜੀਆਂ 'ਤੇ ਆਪਣੀ ਮੈਂ ਦੀ ਮਲਕੀਅਤ ਥੋਪਣਾ ਹੈ। ਪਿਆਰ ਹਾਰੀਜਾਂਟਲ ਧਰਾਤਲ ਵਾਂਗ ਅਤੇ ਮੋਹ ਵਰਟੀਕਲ ਰੇਖਾ ਵਾਂਗ ਹੈ।

ਪਿਆਰ ਨੂੰ ਜੇ ਦੋ ਸਰੀਰਾਂ ਦੇ ਮਿਲਾਪ ਦੇ ਸਬੰਧ ਵਿਚ ਵੀ ਦੇਖੀਏ ਤਾਂ ਇਹ ਲੈਣ ਦੀ ਬਜਾਏ ਦੇਣ ਦੀ ਗੱਲ ਹੈ। ਦੂਜੇ ਸਰੀਰ ਤੋਂ ਆਪਣੀ ਲੋੜ ਜਾਂ ਹਵਸ ਦੀ ਪੂਰਤੀ ਕਰਨ ਜਾਂ ਉਸ 'ਤੇ ਕਾਬਜ਼ ਹੋਣ ਦਾ ਨਾਂ ਪਿਆਰ ਨਹੀਂ ਸਗੋਂ ਆਪਣੇ ਪਿਆਰੇ ਦੇ ਇੱਛਤ ਆਨੰਦ ਲਈ ਉਸ ਦੇ ਪਿਆਰ ਵਿਚ ਆਪਣਾ ਸਹਿਜ ਰੂਪਾਂਤਰਣ ਕਰਨਾ ਹੁੰਦਾ ਹੈ। ਖ਼ੁਸ਼ੀ ਤਾਂ ਹੀ ਆਨੰਦ ਬਣਦੀ ਹੈ ਜੇ ਇਸ ਤੱਕ ਪਹੁੰਚਣ ਦਾ ਰਸਤਾ ਮੁਹੱਬਤ ਵਿਚੋਂ ਦੀ ਹੋ ਕੇ ਗੁਜ਼ਰੇ। ਮੁਹੱਬਤ ਵਿਚ ਹੁੰਦਿਆਂ ਦੂਸਰੇ ਦਾ ਵੱਖਰਾ ਵਿਹਾਰ, ਵਿਚਾਰ, ਆਦਤ, ਸੁਭਾਅ ਜਾਂ ਹੋਰ ਵਖਰੇਵੇਂ ਰੜਕਦੇ ਨਹੀਂ ਸਗੋਂ ਮੁਹੱਬਤ ਵਿਚ ਘੁਲ਼ ਜਾਂਦੇ ਹਨ। ਦੂਸਰੇ ਦਾ ਦੂਸਰਾਪਨ ਆਪਣਾਪਨ ਹੋ ਜਾਂਦਾ ਹੈ। ਦੂਸਰੇ ਦੇ ਦੁੱਖ ਦਰਦ ਨੂੰ ਚੂਸ ਲੈਣ ਲਈ ਮਨ ਦਾ ਬਿਹਬਲ ਹੋਣਾ ਪਿਆਰ ਹੈ।

ਸਾਡੇ ਪੁਰਖਿਆਂ ਨੇ ਦੂਸਰਿਆਂ ਦੇ ਦੂਸਰੇਪਨ ਦੀ ਹੋਂਦ ਦੇ ਬਚਾਅ ਲਈ ਕੁਰਬਾਨੀਆਂ ਦੀ ਰਵਾਇਤ ਕਾਇਮ ਕੀਤੀ। ਮੁਹੱਬਤ ਨਾਲ ਨੱਕੋ-ਨੱਕ ਭਰਿਆਂ ਦੀ ਹਰ ਜੱਦੋ-ਜਹਿਦ ਧਰਮਯੁੱਧ ਹੁੰਦੀ ਹੈ। ਇਸ ਵਿਚ ਲੈਣ, ਖੋਹਣ ਜਾਂ ਕਬਜ਼ਾ

*Original with;*
Jaswant Singh Zafar
*Digitized by;*
Panjab Digital Library

ਕਰਨ ਦਾ ਨਾਅਰਾ ਨਹੀਂ ਸਗੋਂ ਨਿਸ਼ਾਵਰ ਹੋਣ ਦੀ ਧੁੰਨ ਗੂੰਜਦੀ ਹੈ। ਉਹ ਲੋਕ ਧਰਮ-ਗਰੰਥ, ਗਿਆਨ-ਪੋਥੀਆਂ ਜਾਂ ਇਤਿਹਾਸ ਦੀਆਂ ਕਿਤਾਬਾਂ ਬਣਦੇ ਹਨ, ਅਖ਼ਬਾਰੀ ਖ਼ਬਰਾਂ ਜਾਂ ਤਬਸਰੇ ਨਹੀਂ ਰਹਿੰਦੇ।

ਜ਼ਿੰਦਗੀ ਲਗਾਤਾਰ ਗਤੀਸ਼ੀਲਤਾ ਅਤੇ ਤਬਦੀਲੀ ਅਧੀਨ ਹੈ। ਇਹ ਗਤੀ ਜਾਂ ਤਬਦੀਲੀ ਸਿੱਧੀ ਲਕੀਰੀ ਨਹੀਂ ਸਗੋਂ ਚੜ੍ਹਾਈਆਂ-ਉਤਰਾਈਆਂ ਅਤੇ ਮੋੜਾਂ-ਘੋੜਾਂ ਵਾਲੀ ਹੁੰਦੀ ਹੈ। ਇਤਿਹਾਸ ਕੋਈ ਬੀਤੇ ਵਕਤਾਂ ਦੇ ਤੱਥਾਂ ਦੀ ਹੂਬਹੂ ਸੂਚਨਾ ਨਹੀਂ ਹੈ। ਇਹ ਸਾਡੀ ਯਾਦ ਦੇ ਸਿਰਜੇ ਅਤੇ ਸਾਂਭੇ ਹੋਏ ਪ੍ਰਤੀਮਾਨ ਹਨ, ਜਿਹਨਾਂ ਨਾਲ ਸਾਡਾ ਆਪਣੇ ਵਰਤਮਾਨ ਨੂੰ ਨਿਰਖਣਾ-ਪਰਖਣਾ ਬਣਦਾ ਹੈ। ਇਹ ਉਹ ਪ੍ਰਿਜ਼ਮ ਹੈ ਜਿਸ ਵਿਚੋਂ ਸਾਨੂੰ ਆਪਣੀ ਲੋਅ ਲੰਘਾ ਕੇ ਇਸ ਲੋਅ ਦੇ ਸਾਰੇ ਰੰਗ ਦੇਖਣੇ ਬਣਦੇ ਹਨ। ਬੀਤਿਆ ਵੇਲਾ ਵਰਤਮਾਨ ਨੂੰ ਸਾਡੇ ਤੱਕ ਪਹੁੰਚਾਉਣ ਵਾਲਾ ਜਾਂ ਸਾਨੂੰ ਵਰਤਮਾਨ ਤੱਕ ਲੈ ਕੇ ਆਉਣ ਵਾਲਾ ਹੁੰਦਾ ਹੈ। ਇਹ ਕੇਵਲ ਯਾਦ ਕਰਕੇ ਹਉਕੇ ਲੈਣ ਲਈ ਨਹੀਂ ਹੁੰਦਾ ਸਗੋਂ ਇਸ ਦੀ ਯਾਦ ਵਰਤਮਾਨ ਨੂੰ ਦੇਖਣ, ਸੋਧਣ, ਰੰਗਣ ਅਤੇ ਨਿਖਾਰਨ ਲਈ ਹੁੰਦੀ ਹੈ। ਵਰਤਮਾਨ ਵਿਚ ਵੀ ਬਹੁਤ ਕੁਝ ਚੰਗਾ ਅਤੇ ਮਹੱਤਵਪੂਰਨ ਵਾਪਰ ਰਿਹਾ ਹੁੰਦਾ ਹੈ। ਅਸਲ ਵਿਚ ਸਭ ਤੋਂ ਮਹੱਤਵਪੂਰਨ ਹੁੰਦਾ ਹੀ ਵਰਤਮਾਨ ਹੈ। ਹੋਂਦ ਸਿਰਫ ਵਰਤਮਾਨ ਦੀ ਹੁੰਦੀ ਹੈ, ਜਿਸ ਵਿਚੋਂ ਹੋਇਆ-ਬੀਤਿਆ ਸਾਹ ਲੈਂਦਾ ਅਤੇ ਭਵਿੱਖ ਅੱਖਾਂ ਖੋਲ੍ਹਦਾ ਲੱਗਦਾ ਹੈ। ਅਸਲ ਵਿਚ ਬੀਤੇ ਦੀ ਸਾਡੇ ਕੋਲ ਅੰਸ਼ਿਕ ਅਤੇ ਚੋਣਵੀਂ ਯਾਦ ਹੁੰਦੀ ਹੈ ਅਤੇ ਭਵਿੱਖ ਦੇ ਅੰਸ਼ਿਕ ਸੁਪਨੇ। ਚੋਣਵੀਂ ਯਾਦ ਅਤੇ ਅੰਸ਼ਿਕ ਸੁਪਨੇ ਦੇ ਮੁਕਾਬਲੇ ਸੰਪੂਰਨ ਹੋਂਦ ਦੀ ਗੱਲ ਵੱਡੀ ਅਤੇ ਮਹੱਤਵਪੂਰਨ ਹੈ। ਪਰ ਵਰਤਮਾਨ ਨੂੰ ਮੁਹੱਬਤੀ ਦ੍ਰਿਸ਼ਟੀ ਨਾਲ ਹੀ ਸਹੀ ਦੇਖਿਆ ਜਾਣਿਆ ਅਤੇ ਮੁਹੱਬਤੀ ਵਤੀਰੇ ਨਾਲ ਚੰਗੀ ਤਰ੍ਹਾਂ ਜੀਵਿਆ ਮਾਣਿਆ ਜਾ ਸਕਦਾ ਹੈ।

ਇਹਨਾਂ ਸ਼ਬਦਾਂ ਨਾਲ ਮੈਂ ਕਵਿਤਾ ਦੀ ਇਹ ਚੌਥੀ ਕਿਤਾਬ ਪਿਆਰੇ ਪਾਠਕਾਂ ਦੀ ਨਜ਼ਰ ਕਰਦਾ ਹਾਂ।

ਜਸਵੰਤ ਜ਼ਫ਼ਰ

ਲੁਧਿਆਣਾ

*Original with;*
Jaswant Singh Zafar
*Digitized by;*
Panjab Digital Library

ਕੁਦਰਤ ਰੰਗ ਰੰਗੀਲੜੀ ਧਰਤ ਧਰੇ ਧਰਵਾਸ
ਮਸਤਕ ਸਹਿਜ ਸਮੁੰਦਰੀ ਤਲ 'ਤੇ ਤਰਦੀ ਆਸ
ਸੁਪਨ ਪੰਖੇਰੂ ਉੱਡਦੇ ਅੱਖੀਆਂ ਵਿਚ ਅਕਾਸ
ਸੀਨੇ ਸਧਰਾਂ ਸਾਵੀਆਂ ਹੋਠੀਂ ਅਣਮੁੱਕ ਪਿਆਸ
ਇਸ਼ਕ ਸਲਾਮਤ ਸਦਾ ਜਵਾਨੀ ਕਵਿਤਾ ਸੰਗ ਸੁਆਸ

*Original with;*
Jaswant Singh Zafar
*Digitized by;*
Panjab Digital Library

## ਆਓ ਘਰੇ

ਜਦ ਘਰੋਂ ਦੂਰ ਬੇਗਾਨੇ ਥਾਂ ਹੋਈਦਾ
ਤਾਂ ਸੂਰਜ
ਅਕਸਰ ਗਲਤ ਦਿਸ਼ਾ 'ਚੋਂ ਚੜ੍ਹਦਾ ਲਗਦਾ

ਦਿਸ਼ਾਵਾਂ ਤਾਂ ਮਨ 'ਚ ਹੁੰਦੀਆਂ
ਪਿਆਰ 'ਚ ਹੋਣਾ
ਜਾਂ ਪਿਆਰ ਕੋਲ ਹੋਣਾ
ਹੀ ਹੁੰਦਾ ਹੈ
ਘਰ ਹੋਣਾ

ਘਰ ਹੋਣ ਵੇਲੇ
ਸੂਰਜ ਠੀਕ ਦਿਸ਼ਾ 'ਚੋਂ ਚੜ੍ਹਦਾ
ਤਾਰੇ ਥਾਓਂ ਥਾਈਂ ਟਿਕੇ ਹੁੰਦੇ

•

*Original with;*
Jaswant Singh Zafar
*Digitized by;*
Panjab Digital Library

# ਦੂਜਾ ਪਾਸਾ

ਧਰਤੀ 'ਤੇ ਆਪਣੇ ਪਾਸੇ ਖੜ੍ਹਿਆਂ
ਦੂਜੇ ਪਾਸੇ ਦੇ ਲੋਕ
ਪੁੱਠੇ ਤੁਰੇ ਫਿਰਦੇ ਲਗਦੇ

ਧਰਤੀ ਦੇ ਦੂਜੇ ਪਾਸੇ ਜਾ ਕੇ ਦੇਖਿਆਂ
ਸਭ ਠੀਕ ਠਾਕ ਲੱਗਦਾ
ਸਿੱਧਾ ਸਹੀ ਸਧਾਰਨ
ਬਿਲਕੁਲ ਆਪਣੇ ਪਾਸੇ ਵਾਂਗ

ਦੂਜਾ ਪਾਸਾ ਦੂਜਾ ਹੁੰਦਾ
ਪੁੱਠਾ ਨਹੀਂ ਹੁੰਦਾ

ਦੂਜੇ ਨੂੰ ਠੀਕ ਜਾਨਣ ਲਈ
ਉਹਦੇ ਕੋਲ ਜਾਣਾ ਪੈਂਦਾ
ਉਹਦੀ ਥਾਂ 'ਤੇ ਜਾ ਕੇ ਦੇਖਣਾ ਪੈਂਦਾ

•

*Original with;*
Jaswant Singh Zafar
*Digitized by;*
Panjab Digital Library

## ਮੋੜ

ਸਿੱਧੀ ਸੜਕੇ ਚਲਦੀ ਗੱਡੀ ਦੇ
ਪਿਛਲੇ ਪਹੀਏ
ਅਗਲੇ ਪਹੀਆਂ ਦੇ ਨਿਸ਼ਾਨ 'ਤੇ ਚਲਦੇ
ਮੋੜ 'ਤੇ ਜਾ ਕੇ ਪਿਛਲਾ ਪਹੀਆ
ਛੱਡ ਦਿੰਦਾ ਹੈ ਅਗਲੇ ਦਾ ਨਿਸ਼ਾਨ
ਮੋੜ ਜੇ ਹੋਵੇ ਤਿੱਖਾ
ਜਾਂ ਮੁੜਨਾ ਪੈ ਜਾਏ ਕਾਹਲੀ
ਤਾਂ ਵੱਧ ਜਾਂਦਾ
ਅਗਲੇ ਪਿਛਲੇ ਨਿਸ਼ਾਨਾਂ ਵਿਚਲਾ ਫਾਸਲਾ
ਸਾਵੀਂ ਨਹੀਂ ਰਹਿੰਦੀ
ਪਹੀਆਂ ਤੇ ਵਜ਼ਨ-ਵੰਡ
ਲਾਦ ਜੇ ਹੋਵੇ ਉੱਚੀ
ਤਾਂ ਉਲਟਣ ਦਾ ਵੀ ਖ਼ਤਰਾ

ਜ਼ਿੰਦਗੀ ਜਾਂ ਇਤਿਹਾਸ ਦੇ ਮੋੜਾਂ ਵਾਂਗ ਹੀ ਹੁੰਦੇ
ਸੜਕਾਂ ਦੇ ਵੀ ਮੋੜ

•

*Original with;*
Jaswant Singh Zafar
*Digitized by;*
Panjab Digital Library

## ਗੁਰਧਾਨੀ

ਜਦ ਨੌਵੇਂ ਗੁਰਾਂ ਦਾ ਕੱਟਿਆ ਸੀਸ
ਰਾਜਧਾਨੀ ਤੋਂ ਆਇਆ ਸੀ
ਪੱਤਾ ਪੱਤਾ ਜ਼ਰਾ ਜ਼ਰਾ ਗੁਰਧਾਨੀ ਦਾ
ਰੋਹ ਤੇ ਰੋਸ ਨਾਲ਼ ਥਰ ਥਰਾਇਆ ਸੀ

ਆਸਾ ਦੀ ਵਾਰ ਨਾਲ਼ ਦਿਨ ਚੜ੍ਹਨ ਲੱਗੇ
ਚੰਡੀ ਦੀ ਵਾਰ ਨਾਲ਼ ਦਿਲ ਖਿੜਨ ਲੱਗੇ
ਸਬਰ ਤੇ ਸ਼ੁਕਰ ਦੀ ਦੇਗ ਵਰਤਦੀ ਸੀ
ਗੁਰੂ ਦੀ ਮਿਹਰ ਵਾਲੀ ਤੇਗ ਲਿਸ਼ਕਦੀ ਸੀ

ਦਇਆ ਦੇ ਰਸਤੇ ਚੱਲ ਕੇ ਧਰਮ ਆਉਂਦਾ
ਬੇਦਿਲੀ ਤਜ ਹਿੰਮਤ ਅਪਣਾਉਂਦਾ
ਮਨ ਅਡੋਲ ਕਰ ਮੋਹਕਮ ਅਖਵਾਉਂਦਾ
ਸਿੰਘ ਸੁਣਦਾ ਸਾਹਿਬ ਫੁਰਮਾਉਂਦਾ-
ਸਿਰੁ ਧਰ ਤਲੀ ਗਲੀ ਮੇਰੀ ਆਉ
ਗੁਰ ਚੇਰਾ ਇਕ ਰੂਹ ਇਕ ਰੂਪ ਸਨ
ਇਕੱਲਾ ਸਵਾ ਲੱਖ ਬਰੋਬਰ ਤੁਲਦਾ ਸੀ
ਖੰਡੇ ਦੇ ਬੀਰ ਨੀਰ ਅੰਦਰ
ਮੁਹੱਬਤ ਦਾ ਪਤਾਸਾ ਘੁਲ਼ਦਾ ਸੀ

*Original with;*
Jaswant Singh Zafar
*Digitized by;*
Panjab Digital Library

ਹੋਲਾ ਰਾਂਗਲਾ ਬਾਂਕਾ ਮਹੱਲਾ ਜੁੜਦਾ ਸੀ
ਸੁਰੀਲੀ ਫਿਜ਼ਾ ਅੰਦਰ
ਸੁਰਤ ਦਾ ਬਾਜ਼ ਉਡਦਾ ਸੀ
ਨੇਜੇ ਨੱਚਦੇ ਤੇ ਖੰਡੇ ਖੜਕਦੇ ਸਨ
ਘੋੜੇ ਦਗੜਦੇ ਡੌਲੇ ਫਰਕਦੇ ਸਨ

ਦੁਨੀਂ ਚੰਦਾਂ ਦੀ ਦੁਨੀਆਦਾਰੀ
ਡੁੱਬ ਮਰਦੀ ਸੀ
ਸੋਹਣੀ ਸਿੱਖੀ ਪੱਕੇ ਸਿਦਕ ਸਹਾਰੇ
ਲਹੂ ਦੀ ਸ਼ੂਕਦੀ ਨਦੀ ਤਰਦੀ ਸੀ
ਸੂਰੇ ਜੋ ਬਚਿੱਤਰ ਚਰਿੱਤਰ ਦੇ ਸਨ
ਏਸ ਮੈਦਾਨੇ ਓਹੀ ਨਿਤਰਦੇ ਸਨ
ਹਊਮੈਂ ਹੰਕਾਰ ਦੇ ਹਾਥੀ ਨਾਲ਼ ਮੱਥਾ ਲਾਉਂਦੇ
ਨਿਸਚੈ ਕਰ ਜੀਤ ਦਾ ਗੀਤ ਗਾਉਂਦੇ

ਜੋਗੇ ਸਨ
ਮੱਤ ਵਿਚ ਜਤ ਸਤ ਦੇ ਜੋਗ ਵਾਲੇ
ਜੜੋਂ ਮਾਰੇ ਹੋਏ ਕਿਟਾਣੂੰ
ਲੋਭ ਤੇ ਮੋਹ ਦੇ ਰੋਗ ਵਾਲੇ

ਪਿਆਰਾ ਵਿਸਰਨ ਵਾਲੀ ਮਸਨਦੀ ਰੀਤ ਨੂੰ
ਗੁਰੂ ਨੇ ਹੱਥੀਂ ਸਾੜਿਆ ਸੀ
ਪਿਆਰ ਦੇ ਖਿੱਚਿਆਂ ਪਰਤਿਆਂ ਨੂੰ
ਹਿੱਕ ਨਾਲ਼ ਲਾਇਆ ਬੇਦਾਵਾ ਪਾੜਿਆ ਸੀ

*Original with;*
Jaswant Singh Zafar
*Digitized by;*
Panjab Digital Library

ਇਥੇ ਜਦ ਮੌਤ ਨੱਚ ਹਟਦੀ ਸੀ
ਜ਼ਿੰਦਗੀ ਤਾੜੀ ਮਾਰ ਹੱਸਦੀ ਸੀ
ਕੋਈ ਵੈਰੀ ਬਿਗਾਨਾ ਨਹੀਂ ਸੀ
ਘਨੱਈਆ ਬਣ ਜੀਵਨ-ਜਲ ਛਕਾਉਂਦਾ ਸੀ
ਬਹੁੜਦਾ ਗੁਰੂ ਸਭ ਨੂੰ
ਜ਼ਖ਼ਮਾਂ 'ਤੇ ਮੱਲ੍ਹਮ ਲਾਉਂਦਾ ਸੀ

ਯਮੁਨਾ ਵਿਚ ਜਾਪੁ ਦੇ
ਤੇ ਸਤਲੁਜ ਵਿਚ ਚੌਪਈ ਦੇ
ਬੋਲ ਲਰਜ਼ਦੇ ਸਨ
ਗਗਨੀਂ ਸਾਂਝੀਵਾਲਤਾ ਦੇ
ਦਮਾਮੇ ਗਰਜ਼ਦੇ ਸਨ

ਛਲਕਦੇ ਇਲਮ ਇਬਾਦਤ ਕਾਵਿ ਤੇ ਰਾਗ ਦੇ ਸਰਵਰ
ਰਾਜ ਸੱਤਾ ਤੋਂ ਜਰ ਨਹੀਂ ਹੋਏ
ਪਰ ਇਖ਼ਲਾਕ ਦੇ ਉੱਚੇ ਕਿਲੇ
ਓਸ ਤੋਂ ਸਰ ਨਹੀਂ ਹੋਏ

ਬਾਗੀ ਜਜ਼ਬਿਆਂ ਦੇ ਬਾਣ
ਹਕੂਮਤਾਂ ਤੋਂ ਗਏ ਨਹੀਂ ਥੰਮੇ ਸਨ
ਪੁੱਤ ਕੁਰਸੀਆਂ ਰਿਸ਼ਵਤਾਂ ਲੈਣ ਲਈ ਨਹੀਂ
ਲਹਿਰਾਂ ਤੇ ਸੰਘਰਸ਼ਾਂ ਦੀਆਂ
ਨੀਹਾਂ ਵਿਚ
ਚਿਣੇ ਜਾਣ ਲਈ ਜੰਮੇ ਸਨ

•

*Original with;*
Jaswant Singh Zafar
*Digitized by;*
Panjab Digital Library

## ਗੁਰੂ ਤੇਗ਼ ਬਹਾਦਰ

ਅੱਜ ਕੁਵੇਲੇ ਉੱਠਿਆ ਹਾਂ
ਛੁੱਟੀ ਹੈ
ਨੌਂਵੇਂ ਪਾਤਸ਼ਾਹ ਦੇ ਸ਼ਹੀਦੀ ਦਿਨ ਦੀ
ਉਬਾਸੀ ਨੇ ਚਾਹ ਨੂੰ 'ਵਾਜ ਮਾਰੀ ਹੈ

ਕੇਸੀ ਨ੍ਹਾਵਾਂਗਾ
ਪਿਛਲੇ ਐਤਵਾਰ ਨਹੀਂ ਨਹਾ ਸਕਿਆ
ਆਪਣੇ ਜੰਜਾਲਾਂ ਝੰਜਟਾਂ ਝੁਮੇਲਿਆਂ ਕਾਰਨ

ਕੇਸੀ ਨ੍ਹਾਉਂਣ ਤੋਂ ਆਪਣਾ ਸਿਰ ਚੇਤੇ ਆਇਆ

ਆਪਣੇ ਸਿਰ ਤੋਂ ਗੁਰੂ ਦਾ ਸੀਸ ਯਾਦ ਆਇਆ
ਜੋ ਅੱਜ ਦੇ ਦਿਨ ਉਤਾਰਿਆ ਸੀ
ਹੈਂਕੜ ਦੇ ਦਸਤੇ ਵਾਲੀ ਹਕੂਮਤ ਹੱਥ ਫੜੀ
ਅਨਿਆਂ ਦੀ ਤਲਵਾਰ ਨੇ

*Original with;*
Jaswant Singh Zafar
*Digitized by;*
Panjab Digital Library

ਪਰ ਕੱਟਿਆ ਸੀਸ ਹੇਠਾਂ ਨਾ ਡਿੱਗਿਆ
ਰੁਲ਼ਿਆ ਨਾ ਮਿਟਿਆ
ਅੰਬਰ ਤੇ ਜਾ ਦਰਸ਼ਨੀ ਹੋਇਆ
ਇਤਿਹਾਸ ਦੇ ਅੰਬਰ 'ਤੇ
ਸੋਚਾਂ ਦੇ ਅਸਮਾਨ 'ਤੇ
ਜੋ ਰਾਹ ਰੁਸ਼ਨਾਉਂਦਾ ਰਹੇਗਾ ਮਨੁੱਖਾਂ ਦਾ
ਮਨੁੱਖਤਾ ਦੇ ਰਹਿਣ ਤੱਕ

ਹੁਣੇ ਮੈਂ ਕੇਸੀ ਨ੍ਹਾਵਾਂਗਾ
ਕੇਸਾਂ ਨੂੰ ਮਲਦਿਆਂ
ਆਪਣੇ ਸਿਰ ਨਾਲ਼ ਗੱਲਾਂ ਕਰਾਂਗਾ ਪਿਆਰ ਨਾਲ਼
ਕੁਝ ਇਸ ਤਰ੍ਹਾਂ–

ਯਾਰ ਤੂੰ ਵੀ ਕਿਸੇ ਕੰਮ ਆਇਆ ਕਰ
ਦਿਨੇ ਮੋਢਿਆਂ 'ਤੇ ਝੂਟੇ ਹੀ ਨਾ ਲੈਂਦਾ ਰਿਹਾ ਕਰ
ਰਾਤ ਨੂੰ ਸਿਰਾਹਣਾ ਹੀ ਨਾ ਮਿੱਧਿਆ ਕਰ

ਅੱਜ ਦੇ ਦਿਨ ਗੁਰੂ ਨੇ ਸੀਸ ਦਿੱਤਾ ਸੀ
ਮੈਂ ਅੱਜ ਆਪਣੇ ਸਿਰ ਨਾਲ਼ ਗੱਲਾਂ ਕਰਾਂਗਾ
ਪਿਆਰ ਨਾਲ਼
ਕੁੱਝ ਇਸ ਤਰ੍ਹਾਂ

*Original with;*
Jaswant Singh Zafar
*Digitized by;*
Panjab Digital Library

## ਬਖ਼ਸ਼ ਦਿਓ

ਹੇ ਗੁਰੂ ਨਾਨਕ ਮਹਾਨ
ਥੋੜ੍ਹਾ ਜਿਹਾ ਨਾਨਕਪਨ ਬਖ਼ਸ਼ ਦਿਓ
ਨਾ ਬਖ਼ਸ਼ਿਓ ਜੀ ਭਾਵੇਂ ਸਿੱਖੀ ਦਾਨ

ਹੇ ਗੁਰੂ ਰਾਮਦਾਸ ਸੋਢੀ ਸੁਲਤਾਨ
ਜਿਵੇਂ ਤੁਸੀਂ ਆਪਣੇ ਪੋਤਰੇ ਦੇ ਪੋਤਰੇ ਨੂੰ
ਤੇ ਉਸ ਦੇ ਸਾਹਿਬਜ਼ਾਦਿਆਂ ਨੂੰ
ਨਹੀਂ ਬਖ਼ਸ਼ੇ
ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ
ਮੈਨੂੰ ਵੀ ਨਾ ਬਖਸ਼ਿਓ
ਪਰ ਥੋੜ੍ਹਾ ਜਿਹਾ ਗੁਰੂ ਅਰਜਨਪਨ ਜ਼ਰੂਰ ਬਖ਼ਸ਼ ਦਿਓ

ਪਿਤਾ ਦਾ ਸੀਸ ਝੋਲੀ ਪਵਾਉਣ ਵਾਲੇ
ਪਾਉਂਟੇ ਕਲਮਾਂ ਤੇ ਭੰਗਾਣੀ 'ਚ ਕਿਰਪਾਨਾਂ
ਲਿਸ਼ਕਾਉਣ ਵਾਲੇ
ਹੇ ਗੁਰੂ ਗੋਬਿੰਦ ਰਾਏ
ਪੁੱਤਰਾਂ ਨੂੰ ਸ਼ਹੀਦੀ ਰਸਤੇ ਪਾਉਣ ਵਾਲੇ
ਮਾਛੀਵਾੜੇ ਮੁਹੱਬਤ ਦੇ ਗੀਤ ਗਾਉਣ ਵਾਲੇ
ਹੇ ਗੁਰੂ ਗੋਬਿੰਦ ਸਿੰਘ
ਤੂੰ ਰਾਏ ਵੀ ਮਹਾਨ ਤੂੰ ਸਿੰਘ ਵੀ ਮਹਾਨ
ਥੋੜ੍ਹਾ ਜਿਹਾ ਗੋਬਿੰਦਪਨ ਬਖ਼ਸ਼ ਦਿਓ
ਨਾ ਬਖ਼ਸ਼ਿਓ ਜੀ ਭਾਵੇਂ ਕੇਸ ਦਾਨ ਰਹਿਤ ਦਾਨ

•

*Original with;*
Jaswant Singh Zafar
*Digitized by;*
Panjab Digital Library

# ਚਿਤਰ ਬਨਾਮ ਇਤਿਹਾਸ

ਆਪਾਂ ਸਾਰਿਆਂ ਨੇ ਦੇਖੇ ਨੇ ਖਾਲਸਾ ਸਾਜਨਾ ਦੇ ਚਿਤਰ
ਪੰਜ ਪਿਆਰੇ ਗੁਰੂ ਨੂੰ ਸੀਸ ਭੇਟ ਕਰਦੇ
ਗੁਰੂ ਹੱਥੋਂ ਖੰਡੇ ਦੀ ਪਹੁਲ਼ ਛਕਦੇ
ਪੰਜੇ ਇਕੋ ਜਿਹੇ ਕੱਦ ਕਾਠ ਤੇ ਜੁੱਸਿਆਂ ਵਾਲੇ
ਇਕੋ ਜਿਹੇ ਨੈਣਾਂ ਨਕਸ਼ਾਂ ਅਤੇ ਰੰਗ ਢੰਗ ਵਾਲੇ
ਇਕੋ ਜਿੰਨੀ ਉਮਰ ਦੇ
ਹਰੇਕ ਲਗਦਾ ਤਕਰੀਬਨ ਚਾਲ੍ਹੀਆਂ ਦਾ
ਇਤਿਹਾਸ ਮੁਤਾਬਕ ਹਰੇਕ ਦੀ ਅਸਲ ਉਮਰ ਦੇਖੋ

ਸੋਲ਼ਾਂ ਸੌ ਨੜਿਨਵੇਂ ਦੀ ਵਿਸਾਖੀ ਨੂੰ
ਤੇਤੀ ਸਾਲ ਦੇ ਗੁਰੂ ਸਨਮੁਖ ਖੜੋਤੇ ਸਨ
ਇਕੱਤੀ ਸਾਲ ਦੇ ਲਹੌਰੀਆ ਸਿੱਖ ਦਇਆ ਰਾਮ
ਉਣੱਤੀ ਸਾਲ ਦੇ ਹਸਤਨਾਪੁਰੀਆ ਸਿੱਖ ਧਰਮ ਚੰਦ
ਚੌਂਤੀ ਸਾਲ ਦੇ ਉੜੀਆ ਸਿੱਖ ਹਿੰਮਤ ਰਾਏ
ਸਿਰਫ਼ ਵੀਹ ਸਾਲ ਦੇ ਗੁਜਰਾਤੀ ਸਿੱਖ ਮੋਹਕਮ ਚੰਦ
ਕੇਵਲ ਚੌਵੀ ਸਾਲ ਦੇ ਕੰਨੜ ਸਿੱਖ ਸਾਹਿਬ ਚੰਦ
ਇਸ ਵਿਭਿੰਨਤਾ ਨੂੰ ਮਨ ਵਿਚ ਚਿਤਾਰੀਏ ਤਾਂ
ਖਾਲਸਾ ਸਾਜਨਾ ਦਾ ਦ੍ਰਿਸ਼ ਪੂਰੀ ਤਰ੍ਹਾਂ ਬਦਲ ਜਾਂਦਾ ਹੈ
ਜੇ ਕਲੋਜ਼ ਅੱਪ ਦੇਖਣਾ ਤਾਂ
ਇਹਨਾਂ ਦੇ ਨਾਵਾਂ ਮਗਰ
ਭਾਪਾ, ਭਈਆ, ਝਿਉਰ, ਛੀਂਬਾ ਤੇ ਨਾਈ ਲਗਾ ਲਓ

•

*Original with;*
Jaswant Singh Zafar
*Digitized by;*
Panjab Digital Library

## ਮੁਹਿਦੀਨ ਮੁਹੰਮਦ ਤੋਂ ਮਾਫ਼ੀ ਸਹਿਤ

ਔਰੰਗਜ਼ੇਬ ਮੁਸਲਮਾਨ ਨਹੀਂ ਸੀ
ਔਰੰਗਜ਼ੇਬ ਹਿੰਦੂ ਨਹੀਂ ਹੈ
ਔਰੰਗਜ਼ੇਬ ਬੋਧੀ ਜੈਨੀ ਸਿੱਖ ਨਹੀਂ ਹੋਵੇਗਾ
ਔਰੰਗਜ਼ੇਬ ਦਾ ਕੋਈ ਮਜ਼ਹਬ ਨਹੀਂ ਹੁੰਦਾ
ਜਿਵੇਂ ਰੱਬ ਦਾ ਕੋਈ ਮਜ਼ਹਬ ਨਹੀਂ ਹੁੰਦਾ
ਪਰ ਵੱਖ ਵੱਖ ਮਜ਼ਹਬਾਂ ਮੁਤਾਬਕ
ਉਸ ਦੇ ਅਣਗਿਣਤ ਨਾਂ ਹਨ

ਰੱਬ ਵਾਂਗ ਹੀ ਔਰੰਗਜ਼ੇਬ ਦਾ ਇਕ ਨਿਰਗੁਣ ਸਰੂਪ ਹੁੰਦਾ
ਜੋ ਸਰਬ ਵਿਆਪਕ ਹੋ
ਥੋੜ੍ਹਾ ਬਹੁਤ ਸਾਰੇ ਆਸਤਕਾਂ ਨਾਸਤਕਾਂ ਦੇ ਹਿਰਦੇ ਵੱਸਦਾ
ਹਜ਼ੂਮਾਂ ਤੋਂ ਸਾੜ ਫੂਕ ਮਾਰਧਾੜ ਦੰਗੇ ਕਤਲੋ ਗਾਰਤ ਕਰਾਉਂਦਾ
ਰੱਬ ਵਾਂਗ ਹੀ ਔਰੰਗਜ਼ੇਬ ਦਾ ਸਰਗੁਣ ਸਰੂਪ
ਸਮੇਂ ਸਮੇਂ ਅਵਤਾਰ ਧਾਰ
ਕਿਸੇ ਰਾਜੇ ਦਾ ਸਹਿਯੋਗੀ ਸਲਾਹਕਾਰ ਸਰਪਰਸਤ ਸਾਰਥੀ ਬਣਦਾ
ਜਾਂ ਕਿਸੇ ਦੇਸ਼ ਪ੍ਰਦੇਸ਼ ਦਾ ਰਾਜਾ ਬਣਦਾ

*Original with;*
Jaswant Singh Zafar
*Digitized by;*
Panjab Digital Library

ਨਾਂ ਦੇ ਹਿਸਾਬ ਨਾਲ਼ ਔਰੰਗਜ਼ੇਬ ਆਪਣੇ ਆਪ ਨੂੰ
ਤਖ਼ਤ ਦਾ ਸ਼ਿੰਗਾਰ ਅਖਵਾਉਂਦਾ
ਪਰ ਅਸਲ ਵਿਚ ਔਰੰਗਜ਼ੇਬ
ਕਿਸੇ ਉੱਚ ਅਹੁਦੇ 'ਤੇ ਲੱਗਿਆ ਕਲੰਕ ਹੁੰਦਾ
ਔਰੰਗਜ਼ੇਬ ਤਾਂ ਰਾਜ ਸੱਤਾ ਦਾ ਕੀੜਾ ਹੁੰਦਾ
ਜੋ ਸਕੇ ਪਿਉ ਦਾ ਵੀ ਸਕਾ ਨਹੀਂ ਹੁੰਦਾ
ਔਰੰਗਜ਼ੇਬ ਭਰਾਵਾਂ ਦੇ ਖ਼ੂਨ ਦਾ ਪਿਆਸਾ ਹੁੰਦਾ
ਔਰੰਗਜ਼ੇਬ ਇਲਮ ਅਦਬ ਹੁਨਰ ਦਾ ਵੈਰੀ ਹੁੰਦਾ
ਉਸ ਨੂੰ ਮੁਸਕਾਨ ਮੋਹ ਮੁਹੱਬਤ ਨਾਲ਼ ਨਫ਼ਰਤ ਹੁੰਦੀ

ਦੇਖਣ ਨੂੰ ਜ਼ਿਆਦਾ ਮਜ਼ਹਬੀ ਦਿਸਦਾ ਔਰੰਗਜ਼ੇਬ
ਪਾ ਸਕਦਾ ਭੁਲੇਖਾ
ਸੰਤ ਸੂਫ਼ੀ ਸਾਂਈ ਸੁਆਮੀ ਸੰਨਿਆਸੀ ਹੋਣ ਦਾ
ਪਰ ਉਸਨੂੰ ਸੰਤਾਂ ਸੂਫ਼ੀਆਂ ਤੋਂ ਹਮੇਸ਼ਾ ਖਤਰਾ ਹੁੰਦਾ

ਚਲੋ ਪਹਿਲਾਂ ਆਪਣੇ ਅੰਦਰ ਵੱਸਦੇ
ਔਰੰਗਜ਼ੇਬ ਨੂੰ ਜਾਣੀਏ ਪਛਾਣੀਏ ਤੇ ਮਾਰੀਏ
ਫਿਰ ਬਾਹਰ ਭੂਤਰੇ ਫਿਰਦੇ ਔਰੰਗਜ਼ੇਬ ਦੇ ਅਵਤਾਰਾਂ ਨੂੰ
ਮੁਹੱਬਤ ਜ਼ਿੰਦਾਬਾਦ ਕਹਿ ਵੰਗਾਰੀਏ

•

*Original with;*
Jaswant Singh Zafar
*Digitized by;*
Panjab Digital Library

## ਕੀੜਾ

ਮਸ਼ਕਰੀ ਫ਼ਕੀਰ ਦੇ ਦਰਬਾਰ
ਲਸ਼ਕਰੀ ਵਜ਼ੀਰ ਆਇਆ–
ਅਸੀਸ ਦਿਓ ਮਹਾਰਾਜ
ਫ਼ਕੀਰ ਮੁਸਕ੍ਰਾਇਆ–
ਸੱਤਾ ਦੇ ਕੀੜੇ ਅੱਜ ਕਿਧਰ?
ਵਜ਼ੀਰ ਨਹੀਂ ਘਬਰਾਇਆ–
ਕਹਿ ਲਓ ਜੀ ਕੀੜੇ
ਪਰ ਹਾਂ ਤਾਂ ਸੱਤਾ ਦੇ
ਫ਼ਕੀਰ ਨੇ ਮੁਸਕਾਨ ਨੂੰ ਬੁੱਲ੍ਹਾਂ ਤੋਂ ਲਾਹ ਕੇ
ਮੁੱਠੀ ਵਿਚ ਦਬੋਚ ਲਿਆ–
ਹੋਵੇਂਗਾ ਸੱਤਾ ਦਾ
ਹੈ ਤਾਂ ਕੀੜਾ
ਹਰੇ ਘਾਹ ’ਤੇ ਧੁੱਪ ਸੇਕਦੇ ਊਂਘਦੇ
ਕੀੜੇ ਨੇ ਅੱਖ ਪੁੱਟੀ–
ਮੇਰਾ ਨਾਂ ਲੈ ਕੇ
ਇਹ ਪ੍ਰਾਣੀ ਕਿਸ ਦੀਆਂ ਗੱਲਾਂ ਕਰਦੇ
ਫ਼ਕੀਰ ਦੀ ਕੀੜੇ ਨਾਲ਼ ਅੱਖ ਮਿਲੀ
ਮਸ਼ਕਰੀ ਮੌਨ ਹੋ ਗਈ
ਤੇ ਲਸ਼ਕਰ
ਘਾਹ ਮਿੱਧਦਾ ਧੂੜ ਉਡਾਉਂਦਾ
ਰਵਾਨਾ ਹੋ ਗਿਆ

•

*Original with;*
Jaswant Singh Zafar
*Digitized by;*
Panjab Digital Library

## ਨਜਾਇਜ਼

ਅਖੇ ਇਸ਼ਕ ਅਤੇ ਜੰਗ ਵਿਚ
ਸਭ ਕੁਝ ਜਾਇਜ਼ ਹੁੰਦਾ
ਪਰ ਜਨਾਬ
ਅੱਜ ਕੱਲ੍ਹ ਸਭ ਤੋਂ ਵੱਧ ਸਭ ਕੁਝ ਜਾਇਜ਼
ਤਾਂ ਸਿਆਸਤ ਵਿਚ ਹੈ

ਕਿਉਂ ਨਾ ਹੋਵੇ
ਸਿਆਸਤ ਵਿਚ ਦੋਨੋਂ ਹਨ ਅੱਜ ਕੱਲ੍ਹ
ਨਹੀਂ,
ਸਿਆਸਤ ਵਿਚ ਕੇਵਲ ਦੋ ਹੀ ਹਨ
ਇਸ਼ਕ ਤੇ ਜੰਗ
ਇਸ਼ਕ ਕੁਰਸੀ ਉਰਫ਼ ਸੱਤਾ ਨਾਲ਼
ਅਤੇ ਜੰਗ ਕੁਰਸੀ ਦੇ ਦੂਸਰੇ ਆਸ਼ਕਾਂ ਨਾਲ਼

ਪਰ ਯਾਦ ਰਹੇ
ਜਿਸ ਸਿਆਸਤ ਵਿਚ ਸਭ ਜਾਇਜ਼ ਹੋਵੇ
ਉਹ ਦੁਨੀਆਂ ਦੀ
ਸਭ ਤੋਂ ਨਜਾਇਜ਼ ਚੀਜ਼ ਹੁੰਦੀ

•

*Original with;*
Jaswant Singh Zafar
*Digitized by;*
Panjab Digital Library

## ਖ਼ਤਰਾ

ਮੇਰੇ ਧਨ ਮਾਲ ਪਛਾਣ ਨੂੰ
ਤੇ ਮੇਰੀ ਜਾਨ ਨੂੰ
ਕਿਸੇ ਤੋਂ ਵੀ ਹੋ ਸਕਦਾ ਖ਼ਤਰਾ
ਪਰ ਮੇਰੇ ਈਮਾਨ ਨੂੰ ਖਤਰਾ ਸਿਰਫ਼ ਮੇਰੇ ਤੋਂ

ਮੇਰੀ ਜ਼ਾਤ ਜਮਾਤ ਨੂੰ ਤਾਂ ਖ਼ਤਰਾ ਹੋ ਸਕਦਾ ਕਿਸੇ ਤੋਂ ਵੀ
ਪਰ ਮੇਰੇ ਧਰਮ ਨੂੰ ਖ਼ਤਰਾ ਸਿਰਫ਼ ਮੇਰੇ ਤੋਂ

ਜਿਸ ਦਿਨ ਮੈਂ ਦੱਸਿਆ ਆਪਣੇ ਧਰਮ ਨੂੰ ਖ਼ਤਰਾ
ਕਿਸੇ ਹੋਰ ਤੋਂ
ਤਾਂ ਸਮਝ ਲੈਣਾ
ਕਿ ਮੇਰਾ ਕੋਈ ਧਰਮ ਨਹੀਂ
ਕੋਈ ਈਮਾਨ ਨਹੀਂ
ਮੈਂ ਕਿਸੇ ਹੋਰ ਚੀਜ਼ ਦਾ ਨਾਂ
ਧਰਮ ਰੱਖ ਲਿਆ ਹੈ

●

*Original with;*
Jaswant Singh Zafar
*Digitized by;*
Panjab Digital Library

## ਪੁੱਠੇ ਕੌਮਿਆਂ ਤੋਂ ਖ਼ਤਰਾ

ਅਜੇ ਦੇਖ ਹੀ ਰਹੇ ਸਾਂ
ਪੱਗ ਨੂੰ ਖ਼ਤਰਾ 'ਪੱਗਾਂ' ਤੋਂ
ਬੰਦਿਆਈ ਨੂੰ 'ਬੰਦਿਆਂ' ਤੋਂ
ਤਬੈ ਬਾਬਾ ਬੋਲਿਆ–
ਤੈਨੂੰ ਦਿਸਦਾ
ਧਰਮ ਨੂੰ ਖ਼ਤਰਾ 'ਧਰਮਾਂ' ਤੋਂ?

•

*Original with;*
Jaswant Singh Zafar
*Digitized by;*
Panjab Digital Library

# ਕਿਤਾਬ ਕਿ ਅਖ਼ਬਾਰ

ਓਹੀ ਹੁੰਦੇ ਕਾਗ਼ਜ਼ ਸਿਆਹੀ
ਓਹੀ ਸ਼ਬਦ ਛਪਾਈ
ਪਰ ਅਖ਼ਬਾਰ ਅਤੇ ਕਿਤਾਬ 'ਚ
ਫ਼ਰਕ ਬਹੁਤ ਹੈ ਭਾਈ

ਜਦ ਕੋਈ ਖ਼ੁਦਕੁਸ਼ੀ ਕਰਦਾ
ਬੰਦਾ ਆਮ ਜਾਂ ਖਾਸ
ਕੁੱਲ ਦੁਨੀਆਂ ਦੀਆਂ ਕੁੱਲ ਕਿਤਾਬਾਂ
ਹੋ ਜਾਣ ਘੁੱਪ ਉਦਾਸ
ਆਪਣੇ ਕੁੱਲ ਵਰਕਿਆਂ, ਵਾਕਾਂ
ਸ਼ਬਦਾਂ, ਅੱਖਰਾਂ, ਲਗਾਂ ਮਾਤਰਾਂ ਸਮੇਤ
ਨਮੋਸ਼ੀ ਨਾਲ ਭਰ ਜਾਂਦੀਆਂ
ਕਿ ਸਾਡੇ ਹੁੰਦਿਆਂ
ਇਹ ਹੋਇਆ ਕਿਉਂ?

ਪਰ ਅਖ਼ਬਾਰਾਂ ਖ਼ੂਬ ਹਿੜ ਹਿੜਾਉਂਦੀਆਂ
ਜਿਵੇਂ ਕੋਈ ਖ਼ੁਰਾਕ
ਜਾਂ ਸੋਹਣੀ ਚੀਜ਼ ਮਿਲ ਗਈ ਹੋਵੇ
ਚਾਅ ਨਾਲ ਚਾਂਭੜਾਂ ਪਾਉਂਦੀਆਂ
ਢਿੱਡੋਂ ਹੱਸਦੀਆਂ
ਭੁੜਕ ਭੁੜਕ ਚਟਕਾਰੇ ਲਾ
ਇਕ ਦੂਜੀ ਤੋਂ ਮੂਹਰੇ ਹੋ ਹੋ ਦੱਸਦੀਆਂ
ਜਦੋਂ ਕੋਈ ਖ਼ੁਦਕੁਸ਼ੀ ਕਰਦਾ

•

*Original with;*
Jaswant Singh Zafar
*Digitized by;*
Panjab Digital Library

## ਭੁੱਸ

ਮੂੰਗਫਲੀ ਚੱਬਣਾ
ਸਹਿਜ ਸੁਖਾਲਾ ਰੁਝੇਵਾਂ
ਜੀਅ ਲੱਗਿਆ ਰਹਿੰਦੈ

ਚੰਗੀ ਹੈ
ਜੇ ਹੋਵੇ ਜਿਉਂਣ ਦੀ ਲਲਕ
ਮੂੰਗਫਲੀ ਚੱਬਣ ਦੇ ਭੁੱਸ ਵਾਂਗ
ਮੂੰਹੋਂ ਲਾਹਿਆਂ ਨਾ ਲਹਿੰਦੀ
ਹੱਥੋਂ ਛੱਡਿਆਂ ਨਾ ਛੁੱਟਦੀ

ਮੂੰਗਫਲੀ ਦੀਆਂ ਗਿੱਢੀਆਂ
ਭਾਂਤ ਸੁਭਾਂਤੀਆਂ
ਗੋਰੀਆਂ
ਹਲਕੀਆਂ ਜਾਂ ਗੂੜ੍ਹੀਆਂ ਭੂਰੀਆਂ
ਕਾਲ਼ੀਆਂ
ਕੁਝ ਸੋਹਣੀਆਂ ਸੋਹਣੀਆਂ

*Original with;*
Jaswant Singh Zafar
*Digitized by;*
Panjab Digital Library

ਕੁਝ ਪੋਟੇ ਕਾਲ਼ੇ ਕਰਨ ਵਾਲੀਆਂ
ਵੱਧ ਘੱਟ ਗਿਰੀਆਂ ਵਾਲੀਆਂ
ਕਿਸੇ ਵਿਚ ਗਿਰੀ ਮੋਟੀ ਗੋਲ
ਕਿਸੇ ਵਿਚ ਬਾਰੀਕ ਤੇ ਝੁਰੜੀਦਾਰ
ਪਰ ਮਿੱਠੀ ਜ਼ਿਆਦਾ
ਕੁਝ ਸਿਰਫ ਬਾਹਰੋਂ ਮੋਟੀਆਂ
ਅੰਦਰੋਂ ਬਿਲਕੁਲ ਖਾਲੀ
ਕਈਆਂ ਅੰਦਰ ਭਰੀ ਹੁੰਦੀ ਕਿਰਕ

ਪਟੱਕ ਦੀ ਆਵਾਜ਼ ਨਾਲ਼ ਗੰਢੀ ਭੰਨਣ ਦਾ
ਤੇ ਪੋਟਿਆਂ ਵਿਚ ਮਲ਼ ਕੇ
ਪਤਲਾ ਛਿਲਕਾ ਉਤਾਰਨ ਦਾ ਸੁਆਦ ਵੀ
ਗਿਰੀ ਚੱਬਣ ਤੋਂ ਘੱਟ ਨਹੀਂ
ਪਰ ਬੁਰਾ ਲਗਦਾ ਕਿਸੇ ਗਿਰੀ ਦਾ
ਹੱਥੋਂ ਭੁੜਕ ਪਰ੍ਹਾਂ ਜਾ ਡਿੱਗਣਾ
ਜਾਂ ਛਿਲਕਿਆਂ ਵਿਚ ਰਲ਼ ਜਾਣਾ

ਪਹਿਲਾਂ ਜੋ ਅਣਗੌਲੀਆਂ ਨਕਾਰੀਆਂ ਗੰਢੀਆਂ
ਅਖੀਰ 'ਚ ਉਹਨਾਂ 'ਚੋਂ ਵੀ ਗਿਰੀਆਂ ਭਾਲੀਦੀਆਂ
ਸਭ ਕੁਝ ਮੁੱਕ ਮੁਕਾਉਣ 'ਤੇ ਵੀ
ਬਚੇ ਖੁਚੇ ਕੂੜੇ 'ਚੋਂ ਜਾਂ ਛਿਲਕਿਆਂ 'ਚੋਂ
ਕੋਈ ਗਿਰੀ ਮਿਲਣ ਦੀ ਬਣੀ ਰਹਿੰਦੀ ਝਾਕ

ਚੰਗੀ ਹੈ ਜਿਉਣ ਦੀ ਲਲਕ
ਮੂੰਗਫਲੀ ਚੱਬਣ ਦੇ ਭੁੱਸ ਵਾਂਗ

•

*Original with;*
Jaswant Singh Zafar
*Digitized by;*
Panjab Digital Library

## ਆਕਾਸ਼

ਰੰਗ ਦੇ ਲੱਗਣ ਲਈ
ਕਾਗਜ਼ ਕੈਨਵਸ ਜਾਂ ਚਾਹੀਦੀ ਕੰਧ ਕੋਈ
ਸ਼ਬਦ ਦੇ ਲੱਗਣ ਲਈ ਚਾਹੀਦੀ ਚੁੱਪ
ਸਾਨੂੰ ਚੁੱਪ ਨਾਲ਼ ਸੁਣਦਾ

ਆਕਾਸ਼ ਤੋਂ ਬਿਨਾ ਨਹੀਂ ਹੁੰਦੇ
ਚੰਨ ਸੂਰਜ ਤਾਰੇ
ਤੇ ਚੁੱਪ ਤੋਂ ਬਿਨਾ ਸਾਰੇ
ਸ਼ਬਦ ਨਹੀਂ ਹੁੰਦੇ

ਇਹ ਜੋ ਕਾਲੀਆਂ ਲਕੀਰਾਂ ਦੇ
ਅੱਖਰਾਂ ਨਾਲ਼ ਬਣੇ ਸ਼ਬਦ ਪੜ੍ਹ ਰਹੇ ਹੋ
ਇਹਨਾਂ ਹੇਠ ਚੁੱਪ ਦਾ
ਕੋਰਾ ਸਫ਼ਾ ਹੈ

•

*Original with;*
Jaswant Singh Zafar
*Digitized by;*
Panjab Digital Library

## ਰੋਟੀ ਮਿੱਟੀ

ਬੰਦੇ ਦਾ ਰੰਗ ਰੋਟੀ ਵਰਗਾ
ਤੇ ਰੋਟੀ ਦਾ ਮਿੱਟੀ ਵਰਗਾ
ਰੋਟੀ ਮਿੱਟੀ
ਮਿੱਟੀ ਰੋਟੀ
ਮਿਲਦੇ ਜੁਲਦੇ ਨਾਂ

ਹੋਰ ਕਈ ਕੁਝ ਮਿਲਦਾ ਜੁਲਦਾ
ਦੋਵਾਂ ਦਾ ਪੂਰਕ ਪਾਣੀ
ਦੋਵੇਂ ਤਪ ਕੇ ਪੱਕਦੀਆਂ
ਚੰਗੀ ਲਗਦੀ
ਰੋਟੀ ਦੀ ਮਹਿਕ
ਮਿੱਟੀ ਦੀ ਮਹਿਕ

ਮਿੱਟੀ ਵਿਚੋਂ ਜੰਮ ਕੇ ਬੰਦਾ
ਰੋਟੀ ਜੂਨੇ ਪੈਂਦਾ
ਮਿੱਟੀ ਨਾਲ਼ ਮਿੱਟੀ ਹੁੰਦਾ
ਰੋਟੀ ਖ਼ਾਤਰ
ਮਰਨ ਮਿੱਟੀ ਹੁੰਦਾ
ਮਰਕੇ ਮਿੱਟੀ ਹੁੰਦਾ

ਰੋਟੀ ਮਿੱਟੀ
ਮਿੱਟੀ ਰੋਟੀ
ਮਿਲਦੇ ਜੁਲਦੇ ਨਾਂ

•

*Original with;*
Jaswant Singh Zafar
*Digitized by;*
Panjab Digital Library

## ਆਪਣੇ ਆਪ ਨਾਲ਼

ਜ਼ਿੰਦਗੀ ਦੇ ਭੀੜੇ ਰਾਹੀਂ ਤੁਰਦਿਆਂ
ਕਾਹਲ 'ਤੇ ਸਵਾਰ ਹੋਈ ਆਉਂਦੀਆਂ
ਕਈ ਪ੍ਰੇਸ਼ਾਨੀਆਂ
ਮਗਰੋਂ ਸਿਰ 'ਤੇ ਚੜ੍ਹੀਆਂ ਆਉਂਦੀਆਂ
ਕੂਕਦੀਆਂ
ਰਸਤਾ ਮੰਗਦੀਆਂ
ਅੱਗੇ ਲੰਘ ਜਾਣ ਲਈ

*Original with;*
Jaswant Singh Zafar
*Digitized by;*
Panjab Digital Library 

ਜੇ ਤੁਹਾਨੂੰ ਅਜਿਹੀਆਂ
ਕੂਕਾਂ ਨਹੀਂ ਸੁਣਦੀਆਂ
ਤਾਂ ਤੁਹਾਡੀ ਖ਼ੈਰ ਏ

ਜੇ ਸੁਣਦੀਆਂ
ਤਾਂ ਰੁਕ ਕੇ
ਰਤਾ ਪਾਸੇ ਹੋ ਕੇ
ਉਹਨਾਂ ਨੂੰ ਰਾਹ ਦਿਓ
ਮੁਸਕਰਾ ਕੇ ਹੱਥ ਹਿਲਾ ਕੇ
ਉਹਨਾਂ ਨੂੰ ਜਾਣ ਦਿਓ
ਚੰਗਾ ਨਹੀਂ
ਕਾਹਲ ਤੇ ਪ੍ਰੇਸ਼ਾਨੀਆਂ ਅੱਗੇ ਲਾਈ ਫਿਰਨ

ਜੋ ਜਾ ਕੇ ਖੁਸ਼ ਹੈ
ਜਾਣ ਦਿਓ
ਤੁਸੀਂ ਰਹਿ ਕੇ ਖੁਸ਼ ਰਹੋ

ਜੋ ਅੱਗੇ ਲੰਘਣਾ ਚਾਹੁੰਦਾ
ਉਸ ਦੇ ਅੱਗੇ ਨਾ ਲੱਗੋ
ਮਸਤੀ 'ਤੇ ਸਵਾਰ ਹੋ
ਖ਼ੁਸ਼ੀ ਨਾਲ਼ ਤੁਰੋ

•

*Original with;*
Jaswant Singh Zafar
*Digitized by;*
Panjab Digital Library

## ਫ਼ਰਕ

ਬੁਰੀ ਨਹੀਂ ਖਾਮੋਸ਼ੀ
ਪਰ ਖਾਮੋਸ਼ੀ ਦੀ ਨਮੋਸ਼ੀ
ਸਾੜ ਦਿੰਦੀ ਸਾਹ
ਚਲੋ ਹੱਸੀਏ
ਤੇ ਨਮੋਸ਼ੀ ਦੀ ਖਾਮੋਸ਼ੀ
ਚੂਸ ਲੈਂਦੀ ਲਹੂ
ਚਲੋ ਗਾਈਏ

ਪਰ ਗਿਆਤ ਰਹੇ
ਗਾਉਣ ਤੇ ਗਾਲ ਵਿਚ ਫ਼ਰਕ ਹੁੰਦਾ
ਹੱਸਣਾ ਹੋਰ ਤੇ
ਹੁੱਲੜ ਹੋਣਾ ਹੋਰ ਹੁੰਦਾ

ਖਰੀ ਨਹੀਂ ਖੜੋਤ
ਖੜੋਤ ਨੂੰ ਖਿਦੇੜਨ ਲਈ
ਚਲੋ ਖੇਡੀਏ

ਪਰ ਖਿਆਲ ਰਹੇ
ਖੇਡ ਤੇ ਖਰੂਦ ਵਿਚ ਫ਼ਰਕ ਹੁੰਦਾ

•

*Original with;*
Jaswant Singh Zafar
*Digitized by;*
Panjab Digital Library

## ਕਰ ਲਓ ਗੱਲ

ਉਸਨੂੰ ਗਿਲਾ
ਕਿ ਪਾਣੀ ਗਿੱਲਾ ਕਿਉਂ ਹੈ?

ਉਹ ਖਿਝਦਾ
ਕਿ ਧਰਤੀ ਸਭ ਕਾਸੇ ਨੂੰ
ਆਪਣੇ ਵੱਲ ਖਿੱਚਦੀ ਕਿਉਂ?

ਉਸਨੂੰ ਹਵਾ ਰੁਮਕਣੋਂ ਰੋਕਣ ਦਾ
ਢੰਗ ਨਹੀਂ ਸੁੱਝਦਾ

ਉਸਨੂੰ ਪਸੰਦ ਨਹੀਂ
ਪੱਤਿਆਂ ਦਾ ਹਰਾ ਰੰਗ

ਉਸ ਮੁਤਾਬਕ
ਸਭ ਕੁਝ ਗਲਤ ਮਲਤ ਹੋ ਰਿਹਾ
ਇਸ ਲਈ
ਪੰਛੀ ਗਾਉਂਦੇ ਲੋਕ ਮੁਸਕ੍ਰਾਉਂਦੇ
ਵਿਹੁ ਵਾਂਗ ਲਗਦੇ

•

*Original with;*
Jaswant Singh Zafar
*Digitized by;*
Panjab Digital Library

## ਰੇਪ

ਬੱਚਿਆਂ ਦੀ ਗੱਲ ਨਹੀਂ ਹੋ ਰਹੀ

ਰੇਪ ਜਵਾਨ ਤਨ ਦਾ ਨਹੀਂ
ਮਨ ਦਾ ਹੁੰਦਾ
ਕਿਸੇ ਮਨ ਦੀ ਮਰਜ਼ੀ ਖ਼ਿਲਾਫ਼
ਧੱਕੇਸ਼ਾਹੀ ਦਾ ਅਪਰਾਧ

ਵਾਇਆ ਤਨ ਹੋਏ ਰੇਪ ਦੀ
ਖ਼ਬਰ ਛਪਦੀ
ਅਕਸਰ

ਮਨ ਦੇ ਸਿੱਧੇ ਰੇਪ ਬਾਰੇ
ਕਵਿਤਾ ਛਪਦੀ
ਕਦੀ ਕਦੀ ਕਿਤੇ ਕਿਤੇ

•

*Original with;*
Jaswant Singh Zafar
*Digitized by;*
Panjab Digital Library

## ਹਵਾ ਯੁੱਗ

ਪਹਿਲੋ ਪਹਿਲ ਪੱਥਰ ਯੁੱਗ ਸੀ
ਪੱਥਰ ਦੇ ਔਜ਼ਾਰ ਪੱਥਰ ਦੇ ਹਥਿਆਰ

ਫਿਰ ਤਾਂਬਾ ਯੁੱਗ ਆਇਆ
ਤਾਂਬੇ ਦੇ ਅਸਤਰ ਸ਼ਸਤਰ ਬਰਤਨ

ਫਿਰ ਆਇਆ ਲੋਹਾ ਯੁੱਗ
ਬੰਦੇ ਕੋਲ ਪੈਸਾ ਹੋਇਆ
ਤੇ ਖ਼ੁਦ ਬੰਦਾ ਬੜਾ ਐਸਾ ਵੈਸਾ ਹੋਇਆ
ਗਰੀਬ ਹੋਇਆ ਧਨਵਾਨ ਹੋਇਆ
ਦਸਤਕਾਰ ਹੋਇਆ ਕਿਸਾਨ ਹੋਇਆ
ਚੰਗਾ ਹੋਇਆ ਮੰਦਾ ਹੋਇਆ
ਕਈ ਪ੍ਰਕਾਰ ਦਾ ਧੰਦਾ ਹੋਇਆ
ਵਪਾਰੀ ਹੋਇਆ ਪੁਜਾਰੀ ਹੋਇਆ
ਲੋਹੇ ਦੀ ਮਸ਼ੀਨ
ਬੰਦਾ ਬੜਾ ਤੇਜ਼ ਰਫ਼ਤਾਰੀ ਹੋਇਆ

*Original with;*
Jaswant Singh Zafar
*Digitized by;*
Panjab Digital Library

ਤੇਜ਼ ਰਫ਼ਤਾਰੀ ਬੰਦਾ
ਯੁੱਗਾਂ ਨੂੰ ਤੇਜ਼ੀ ਨਾਲ਼ ਬਦਲਣ ਲੱਗਾ
ਸਰਮਾਏ ਦਾ ਯੁੱਗ ਗਿਆਨ ਦਾ ਯੁੱਗ
ਕੰਪਿਊਟਰ ਯੁੱਗ ਸੂਚਨਾ ਯੁੱਗ
ਵਗੈਰਾ ਵਗੈਰਾ

ਕੀ ਤੁਹਾਨੂੰ ਪਤੈ ਅੱਜ ਦੇ ਯੁੱਗ ਦਾ ਨਾਂ ਕੀ ਏ?
ਇਹ ਹਵਾ ਯੁੱਗ ਹੈ
ਹਵਾ ਯੁੱਗ ਦਾ ਬੰਦਾ ਹਰ ਵੇਲੇ ਹਵਾ ਤੇ ਸਵਾਰ·
ਮਾਰੋ ਮਾਰ
ਕਿਸੇ ਦੀ ਹਵਾ ਉੱਚੀ ਕਿਸੇ ਦੀ ਹਵਾ ਖਰਾਬ
ਕੋਈ ਹਵਾ ਕਰਦਾ  ਕੋਈ ਹਵਾ ਛਕਦਾ
ਕਿਸੇ ਦੀ ਹਵਾ ਬੰਨ੍ਹੀਂ ਜਾਂਦੀ
ਕਿਸੇ ਦੀ ਹਵਾ ਕੱਢੀ ਜਾਂਦੀ

ਹਵਾ ਨਾਲ਼ ਸ਼ਖ਼ਸੀਅਤਾਂ ਉਸਰਦੀਆਂ
ਹਵਾ ਨਾਲ਼ ਅਕਸ ਵਿਗੜਦੇ

ਚੌਕ-ਚੁਰਸਤਿਆਂ ਵਿਚ ਫਲੈਕਸ ’ਤੇ ਛਪੀਆਂ ਬੂਥੀਆਂ
ਹਵਾਖੋਰੀ ਕਰਦੀਆਂ

ਹਵਾ ਬਣਾਉਣ ਲਈ ਰੱਥ ਯਾਤਰਾਵਾਂ
ਸਿਖ਼ਰ ਸੰਮੇਲਨ ਹਵਾ ’ਚ ਉਡਦੇ ਗੁਬਾਰੇ
ਹਵਾ ਬਦਲਣ ਲਈ ਜਨ ਅੰਦੋਲਨ
ਤੇ ਹਵਾ ਨਾਲ਼ ਸਰਕਾਰਾਂ ਬਦਲਦੀਆਂ

*Original with;*
Jaswant Singh Zafar
*Digitized by;*
Panjab Digital Library

ਕਾਲਮ ਅਖ਼ਬਾਰ ਦੇ
ਚੈਨਲ ਸੰਚਾਰ ਦੇ
ਤੇ ਹੋਰ ਸਾਧਨ ਪ੍ਰਚਾਰ ਪਾਸਾਰ ਦੇ
ਸਾਰੇ ਦੇ ਸਾਰੇ ਹਵਾ ਯੰਤਰ

ਹਵਾ ਨਾਲ਼ ਚਲਦਾ ਸ਼ੇਅਰ ਬਾਜ਼ਾਰ
ਨੀਤੀਆਂ ਮਾਰੂਥਲ ਦੇ ਟਿੱਬੇ
ਫੈਸਲੇ ਰੇਤਾ ਤੇ ਛਪੀਆਂ ਲਹਿਰਾਂ
ਹਵਾ ਉਹਨਾਂ ਨੂੰ ਸਥਾਨ ਤੇ ਆਕਾਰ ਬਖਸ਼ਦੀ

ਹਵਾ ਨਾਲ਼ ਬਦਲਦੇ ਫੈਸ਼ਨ ਤੇ ਰਿਵਾਜ਼
ਹਵਾ ਨਾਲ਼ ਚਲਦੇ ਵਾਦ ਤੇ ਸੰਵਾਦ
ਹਵਾ ਨਾਲ਼ ਕੀਮਤਾਂ ਵਧਦੀਆਂ
ਤੇ ਕਦਰਾਂ ਘਟਦੀਆਂ

ਹਵਾ ਯੁੱਗ ਦੇ ਵਾਸੀਓ
ਸਾਹ ਲੈਣ ਜੋਗੀ ਹਵਾ ਬਚਾ ਕੇ ਰੱਖਣਾ
ਹਵਾ 'ਚ ਉਡਣਾ ਜ਼ਰੂਰ
ਪਰ ਧਰਤੀ ਨਾਲ਼ ਸੰਪਰਕ ਬਣਾ ਕੇ ਰੱਖਣਾ
ਜ਼ਰਾ ਬਚ ਕੇ
ਹੇ ਮੇਰੇ ਹਵਾ ਯੁੱਗ ਦੇ ਵਾਸੀਓ

●

*Original with;*
Jaswant Singh Zafar
*Digitized by;*
Panjab Digital Library

## ਕਵੀ ਕਿ ਕਵਿਤਾ

ਕੂਲ਼ੀਆਂ ਕਵਿਤਾਵਾਂ ਲਿਖਣ ਵਾਲੇ
ਕਵੀ ਨੂੰ
ਸਵੇਰੇ ਸਵੇਰੇ ਕਿਸੇ ਗੱਲ 'ਤੇ
ਮੇਰਾ ਲਤੀਫ਼ੇ ਵਰਗਾ ਜਵਾਬ ਲੜ ਗਿਆ
ਪਾਰਾ ਉਤਾਂਹ ਦੀ ਉਤਾਂਹ ਚੜ੍ਹ ਗਿਆ
ਸੱਤਵੇਂ ਅਸਮਾਨ ਤੋਂ ਵਰ੍ਹਿਆ
ਵੇਲ਼ਾ ਚੰਗਾ ਸੀ ਜਾਂ ਕੋਈ ਹੋਰ ਗੱਲ
ਮੇਰਾ ਚਿੱਤ ਨਹੀਂ ਡਰਿਆ
ਮੈਂ ਮੁਸਕ੍ਰਾਇਆ
ਉਹ ਹੋਰ ਤਿਲ ਮਿਲਾਇਆ
ਜ਼ਮੀਨ ਤੇ ਪੈਰ ਮਾਰ
ਓਸ ਨਫ਼ਰਤ ਨਾਲ਼ ਥੁੱਕਿਆ
ਮੇਰਾ ਹਾਸਾ ਨਹੀਂ ਰੁੱਕਿਆ
ਉਸ ਕਿਹਾ-
        ਵੱਡਾ ਬਣਿਆਂ ਫਿਰਦਾ ਸੀ
        ਸਾਰਾ ਨੰਗਾ ਹੋ ਗਿਆ ਤੂੰ ਤੇ
ਅਖ਼ੀਰ ਓਸ ਥੁੱਕਿਆ ਮੇਰੇ ਮੂੰਹ ਤੇ

ਘਰ ਆ ਗਿਆ
ਕਦੇ ਕਹਾਂ ਚੰਗਾ ਹੋਇਆ
ਗੁੱਸਾ ਪੀ ਲਿਆ

*Original with;*
Jaswant Singh Zafar
*Digitized by;*
Panjab Digital Library

ਕਦੇ ਫਿਟਕਾਰਾਂ ਖ਼ੁਦ ਨੂੰ
ਕਿਉਂ ਨਾ ਗੁੱਸਾ ਖਾ ਲਿਆ
ਸਾਰਾ ਦਿਨ
ਚੜ੍ਹਦੀਆਂ ਉਤਰਦੀਆਂ ਰਹੀਆਂ
ਜਦ ਸ਼ਾਮਾਂ ਪਈਆਂ
ਕਵੀ ਦੀਆਂ ਕੂਲ਼ੀਆਂ ਕਵਿਤਾਵਾਂ ਦੀ ਕਿਤਾਬ ਨੂੰ
ਨਿਹਾਰਿਆ
ਪਿਆਰ ਨਾਲ਼ ਫੜਿਆ
ਵਰਕਾ ਵਰਕਾ
ਅੱਖਰ ਅੱਖਰ ਪੜ੍ਹਿਆ
ਕੂਲ਼ੀਆਂ ਕਵਿਤਾਵਾਂ ਨੇ ਮੈਨੂੰ
ਕੂਲ਼ਾ ਕਰ ਦਿੱਤਾ
ਦਿਲ 'ਚ ਕਵੀ ਲਈ ਪਿਆਰ
ਨੱਕੋ ਨੱਕ ਭਰ ਦਿੱਤਾ

ਕਿਰਪਾਨ ਨੂੰ ਤਾਂ ਬੰਦੇ ਦਾ
ਕਰੋਧ ਵੀ ਚੁੱਕ ਸਕਦਾ
ਪਰ ਕਿਤਾਬ ਬੰਦੇ ਨੂੰ ਖ਼ੁਦ ਚੁੱਕਣੀ ਪੈਂਦੀ
ਖ਼ੁਦ ਪੜ੍ਹਨੀ ਪੈਂਦੀ
ਮੈਂ ਆਪਣੀ ਸੂਰਮਗਤੀ 'ਤੇ ਖ਼ੁਸ਼ ਹਾਂ

ਨਾਲ਼ੇ ਇਕ ਗੱਲ ਹੋਰ–
ਕਵਿਤਾ ਪੜ੍ਹਨ ਵਾਲੇ ਦੀ ਹੁੰਦੀ

●

*Original with;*
Jaswant Singh Zafar
*Digitized by;*
Panjab Digital Library

## ਯਾਦਾਂ ਵਿਚਲਾ ਕਵਿਤਾ ਉਤਸਵ

ਰੱਸੀ ਵੱਟਦਾ
ਆਪਣਾ ਬਾਬਾ ਚੇਤੇ ਆਇਆ
ਕਿੰਨੀ ਸੋਹਣੀ ਸੀ ਉਸ ਦੀ ਕਵਿਤਾ
ਜੇ ਦੇਖਿਆ ਜਾਵੇ
ਕੁਲ ਕਿਸਾਨ ਸੀ ਕਵਿਤਾ ਰਚਦੇ
ਕਵਿਤਾ ਜੀਉਂਦੇ
ਬੋਚ ਬੋਚ ਗੁੜ-ਪੇਸੀਆਂ ਲਾਉਂਦੇ
ਡਾਰਾਂ ਬੰਨ੍ਹ ਕੇ ਮਿੱਠੇ ਅੱਖਰ ਪਾਉਂਦੇ
ਹੱਥੀਂ ਵੱਟਾਂ ਪਾਉਂਦੇ
ਕਿਆਰਿਆਂ ਵਾਲੇ ਅੰਤਰਿਆਂ ਨਾਲ਼
ਖੇਤ ਗੀਤ ਬਣ ਜਾਂਦਾ

ਖੁਰਲੀ ਨਾਲ਼ ਕਤਾਰ 'ਚ
ਸ਼ਿਅਰਾਂ ਵਾਂਗ ਲਵੇਰੀਆਂ ਬੰਨ੍ਹੀਆਂ
ਦੁੱਧ-ਦਾਦ ਸੀ ਹਾਸਲ ਹੁੰਦੀ
ਕੋਈ ਪਸ਼ੂ ਚਾਰਦਾ
ਖੁੱਲੇ ਛੱਡ ਕੇ
ਪੂਰਨ-ਸਿੰਘੀ ਸ਼ੈਲੀ ਵਿਚ

*Original with;*
Jaswant Singh Zafar
*Digitized by;*
Panjab Digital Library

੪

ਨਿੱਕੀਆਂ ਦੋ ਸੱਟਾਂ ਨਾਲ਼ ਹੀ
ਤੱਕਲਾ ਸਿੱਧਾ ਕਰਦਾ ਦੇਬੂ ਮਿਸਤਰੀ
ਤਾਣੀ ਸਿਰਿਓਂ ਬਾਹੀਂ ਘੁੰਮਾ ਕੇ
ਲੋਰ ਨਾਲ਼ ਮੁੜਦਾ
ਪਾਖਰ ਬੁਣਕਰ
ਤੇ ਦੌਲਤੀ ਕਾ ਘੁੱਗੀ
ਆਪਣੇ ਗਧਿਆਂ ਨੂੰ
ਨਵੇਂ ਤੋਂ ਨਵੇਂ
ਨਾਵਾਂ ਨਾਲ਼ ਬੁਲਾਉਂਦਾ

ਸਾਗ ਚੀਰਦੀਆਂ
ਸੇਵੀਆਂ ਵੱਟਦੀਆਂ
ਦਰੀਆਂ ਬੁਣਦੀਆਂ
ਓਟੇ ਲਿੱਪਦੀਆਂ ਬੀਬੀਆਂ
ਨਾਰੀ-ਕਾਵਿ ਕੋਈ ਘੱਟ ਥੋੜ੍ਹੀ ਸੀ

ਬਿੱਕਰ ਜਾਗਰ ਤੇ ਗੁਲਜ਼ਾਰੀ
ਵਰਗੀਆਂ ਕਿੰਨੀਆਂ ਲੰਮੀਆਂ
ਕਵਿਤਾਵਾਂ

ਕੁਝ ਕਵਿਤਾਵਾਂ ਦੇ ਸਿਰਲੇਖ
ਲੁੱਗਾ ਸੇਵਾ ਜੀਲਾ ਜੈਲੀ
ਪੰਡਤਾਂ ਦਾ ਜੋ ਬਿਰਜੂ ਬਾਵਰਾ
ਬੋਲਦਾ ਰਹਿੰਦਾ ਐਬਸਰਡ ਕਵਿਤਾ

*Original with;*
Jaswant Singh Zafar
*Digitized by;*
Panjab Digital Library

ਇਕ ਕਵੀ-ਵਿਸ਼ੇਸ਼ ਸੀ
ਨਾਂ ਨਹੀਂ ਲੈਣਾ
ਰੱਬ ਤੇ ਜੱਗ ਨਾਲ਼ ਰੁੱਸਿਆ ਰਹਿੰਦਾ
ਉਸ ਦੀ ਕਵਿਤਾ ਕਿਹੜਾ ਸੁਣਦਾ

ਸਾਈਕਲ ਉੱਤੇ ਤਾਰਾ ਸਿਹੁੰ ਦੀ
ਦੋਹੀਂ ਪਾਸੀ ਉਡਦੀ ਦਾਹੜੀ
ਹਾਇਕੂ ਰਚਦੀ ਜਾਵੇ

ਆਲੂ ਲੈ ਬਤਾਊਂ ਲੈ
ਸਬਜ਼ੀ ਵਾਲੇ ਬਹਿਰ ਵਜ਼ਨ ਦੇ ਪੱਕੇ
ਕਦੀ ਨਾ ਕਹਿੰਦੇ
ਬਤਾਊਂ ਲੈ ਆਲੂ ਲੈ

ਪਿੰਡ ਕਵਿਤਾ ਕਵਿਤਾ ਹੋਇਆ ਰਹਿੰਦਾ
ਕਵਿਤਾ ਉਤਸਵ ਚਲਦਾ ਰਹਿੰਦਾ
ਉਤਸਵ ਓਦੋਂ ਸਿਖਰ ਤੇ ਹੁੰਦਾ
ਇਸ ਵਿਚ ਜਦ ਆ ਸ਼ਾਮਲ ਹੁੰਦੀ
ਗੱਡੀਆਂ ਵਾਲੇ
ਪ੍ਰਦੇਸੀ ਕਵੀ ਕਵਿਤਰੀਆਂ ਦੀ ਰੰਗਲੀ ਟੋਲੀ

ਪਿੰਡ 'ਚ ਕਵਿਤਾ ਉਤਸਵ
ਹੁਣ ਵੀ ਚਲਦਾ ਹੋਣਾ

•

*Original with;*
Jaswant Singh Zafar
*Digitized by;*
Panjab Digital Library

## ਜੋਰਾ

ਸਿੱਖਾਂ ਦੀ ਪੱਤੀ ਦੇ
ਭੋਲਾ ਸਿੰਹੁ ਕਾ ਜੋਰਾ
ਢਾਈ ਏਕੜ ਦਾ 'ਕੱਲਾ ਮਾਲਕ
ਜਦ ਕਿਸੇ ਪੁੱਛਣਾ–
ਸੁਣਾ ਬਈ ਜੋਰਿਆ ਕੀ ਹਾਲ
ਜੋਰੇ ਨੇ ਚੱਕਵਾਂ ਉੱਤਰ ਦੇਣਾ–
ਬਈ ਪੁੱਛ ਨਾ
ਹਾਲ ਚਾਲ ਅੱਠੋ–ਅੱਠ ਐ
ਅਗਲੇ ਨੇ ਮੁੱਛੀਂ ਮੁਸਕਰਾ ਕੇ ਪੁੱਛਣਾ–
ਹੋਰ ਕੀ ਕਹਿੰਦਾ ਫਿਰ ਝੋਨਾ ਤੇਰਾ
ਜੋਰੇ ਨੇ ਤਿੜ ਜਾਣਾ–
ਝੋਨੇ ਦੀ ਨਾ ਪੁੱਛ
ਕਹਿੰਦਾ ਜੋਰਿਆ ਤੂੰ ਬੰਦਾ ਮਾਰ
ਮੈਂ ਆਪੇ ਛੁਡਾਊਂ
ਜੋਰੇ ਨੇ ਬੰਦਾ ਤਾਂ ਕੋਈ ਨਹੀਂ ਮਾਰਿਆ
ਪਰ ਅਗਲੇ ਸਾਲ ਸ਼ਾਇਦ ਜੋਰੇ ਨੂੰ ਸੁਣਨ ਲੱਗਾ
ਕਿ ਝੋਨਾ ਕਹਿ ਰਿਹਾ–
ਕੁਝ ਖਾਇਆ ਪੀਆ ਕਰ ਜੋਰਿਆ
ਜੋਰਾ ਕਈ ਕੁਝ ਖਾਣ ਪੀਣ ਲੱਗ ਪਿਆ
ਜੋਰਾ ਕਮਜ਼ੋਰਾ ਹੋਣ ਲੱਗਾ
ਅਗਲੇ ਸਾਲ ਉਹ ਨਾ ਝੋਨੇ ਦੀ ਤੇ ਨਾ ਕਿਸੇ ਹੋਰ ਦੀ
ਸੁਣਨ ਜੋਗਾ ਰਿਹਾ
ਹਰ ਤਰ੍ਹਾਂ ਦਾ ਜ਼ੋਰ
ਮੁੱਕਦਾ ਮੁੱਕਦਾ ਮੁੱਕ ਗਿਆ
ਜੋਰਾ ਈ ਮੁੱਕ ਗਿਆ

*Original with;*
Jaswant Singh Zafar
*Digitized by;*
Panjab Digital Library

## ਦੇਵ-ਨੀਤੀ ਦਾ ਖਰੜਾ

ਚਾਚਾ ਦੇਵਨੀਤ ਸਿਆਂ
ਕਿਸੇ ਧੀ ਪੁੱਤ ਦੀ ਤਾਂ ਸਹੁੰ ਨਹੀਂ ਖਾਂਦਾ
ਪਰ ਮੇਰੇ ਜਿਉਂਦੇ ਜੀਅ ਤਾਂ
ਤੂੰ ਮਰ ਨਹੀਂ ਸਕਦਾ

ਇਕ ਵਾਰ ਚੁੰਗੀ ਵਾਲੇ ਢਾਬੇ 'ਤੇ
ਤੂੰ ਦੇਵ-ਨੀਤੀ ਉਚਾਰੀ
ਅਖੇ-

ਕਵੀ ਦੀ ਸੁਰਤ
ਅੜੇ-ਇਨਾਮ 'ਚ ਅੜੀ ਨਾ ਹੋਵੇ
ਕਿਸੇ ਦਾ ਸੜਾ-ਸਨਮਾਨ ਹੁੰਦਾ ਦੇਖ
ਸੜਨ ਦੀ ਲੋੜ ਨੀਂ
ਗੱਲਾਂ ਕਰਨਾ ਸੁਣਨਾ ਵੱਡੀ ਗੱਲ ਹੈ
ਗੱਲਾਂ ਤੋਂ ਵੱਡਾ ਇਨਾਮ ਸਨਮਾਨ ਕੀ ਹੋਣੈ
ਅੱਜ ਕਵਿਤਾ ਉਤਸਵ ਵਿਚ
ਮੇਰੇ ਪੁੱਤ ਗੁਰਪ੍ਰੀਤ ਨੇ ਤੇ ਜ਼ਫ਼ਰ ਨੇ
ਮੇਰੀਆਂ ਕਵਿਤਾਵਾਂ ਬਾਰੇ ਗੱਲਾਂ ਕੀਤੀਆਂ
ਹੁਣ ਮੈਨੂੰ ਮਾਂਹ ਸਾਬਤ ਦਾ
ਹਰੇਕ ਦਾਣਾ
ਨਸ਼ੇ ਨਾਲ਼ ਭਰਿਆ ਲਗਦਾ
ਮੈਂ ਨੱਚੀ ਜਾਨਾਂ ਯਾਰੋ
ਅੰਦਰੇ ਅੰਦਰ

*Original with;*
Jaswant Singh Zafar
*Digitized by;*
Panjab Digital Library

ਨਸ਼ੇ ਦੀ ਸਿਖ਼ਰੋਂ
ਤੇਰੀ ਬਜ਼ੁਰਗੀ ਬੋਲੀ–
ਗੁੱਸਾ ਨਾ ਕਰੀਂ ਪੁੱਤ
ਤੇਰੀ ਇਕ ਗਲਤੀ ਬੜੀ ਰੜਕਦੀ ਮੈਨੂੰ
ਤੂੰ ਲਿਖਿਆ ਭਾਈ ਘਨੱਈਏ ਵਾਲੀ ਕਵਿਤਾ 'ਚ
ਬਈ
ਸੀਸ ਦਾ ਬਹੁਬਚਨੀ ਸ਼ਬਦ ਨਹੀਂ ਹੁੰਦਾ
ਇਸ ਵਿਚ ਦੁਹਰਾਓ ਹੈ ਬੇਲੋੜਾ
ਲਿਖਣਾ ਚਾਹੀਦਾ ਸੀ–
ਸੀਸ ਦਾ ਬਹੁ ਬਚਨ ਨਹੀਂ ਹੁੰਦਾ
ਬੱਸ

ਬੇਲੋੜਾ ਸ਼ਬਦ
ਸ਼ਬਦ ਦਾ ਨਿਰਾਦਰ ਹੁੰਦਾ
ਸ਼ਬਦ ਦੀ ਫ਼ਜ਼ੂਲ ਖਰਚੀ
ਫ਼ਜ਼ੂਲ ਕਿਸਮ ਦੇ ਬੰਦੇ ਕਰਦੇ

ਸੁਣ ਕੇ
ਮੇਰਾ ਖੱਬਾ ਕੰਨ ਲਾਲ ਹੋ ਗਿਆ
ਜਿਵੇਂ ਤੂੰ ਸੱਜੇ ਹੱਥ ਨਾਲ਼ ਖਿੱਚਿਆ ਹੋਵੇ
ਇਸ ਲਾਲੀ ਨੂੰ ਮੈਂ
ਉਮਰ ਭਰ ਸਾਂਭ ਕੇ ਰੱਖਾਂਗਾ
ਤੇ ਮੇਰੇ ਜੀਉਂਦੇ ਜੀਅ
ਤੂੰ ਕਿਵੇਂ ਮਰ ਸਕਦੈਂ
ਚਾਚਾ ਦੇਵਨੀਤ ਸਿਆਂ

*Original with;*
Jaswant Singh Zafar
*Digitized by;*
Panjab Digital Library

## ਪਹਿਰੇਦਾਰੀ

ਅਸੀਂ ਮਰਿਆਦਾ ਦੀ ਨੋਮੈਨਜ਼ ਲੈਂਡ ਦੀ
ਕੰਡਿਆਲੀ ਤਾਰ ਦੇ ਏਸ ਪਾਰ
ਤੇ ਓਸ ਪਾਰ
ਨੈਤਿਕਤਾ ਦੇ ਮਾਰਕੇ ਵਾਲੇ
ਹਥਿਆਰ ਫੜੀ
ਬੜੀ ਖਬਰਦਾਰੀ ਨਾਲ਼
ਲੈਫਟ ਰਾਈਟ ਕਰਦੇ ਹਾਂ
ਤੇ ਜ਼ਿੰਦਗੀ ਦੂਰ ਦੁਮੇਲਾਂ 'ਚ
ਮੁਸਕ੍ਰਾਉਂਦੀ
ਅਵਾਜ਼ਾਂ ਮਾਰਦੀ

•

*Original with;*
Jaswant Singh Zafar
*Digitized by;*
Panjab Digital Library

## ਖਿੜਕੀ ਦੇ ਅੰਦਰ ਤੇ ਬਾਹਰ

ਬਰਸਾਤ ਦੇ ਮੌਸਮ
ਸਫ਼ਰ ਵਿਚ ਮੇਰੇ ਨਾਲ਼ ਕੋਈ ਨਹੀਂ
ਨਾਲ਼ ਦੀ ਸੀਟ ਖਾਲੀ ਹੈ
ਜਿਸ ਦੀ ਬੜੀ ਸਹੂਲਤ ਹੈ ਮੈਨੂੰ
ਮੇਜ਼ ਵਾਂਗ
ਇਸ ਤੇ ਅਖ਼ਬਾਰ ਕਿਤਾਬ ਜਾਂ ਪੈਨ ਰੱਖ ਸਕਦਾਂ
ਪਾਣੀ ਦੀ ਬੋਤਲ ਮੋਬਾਈਲ ਐਨਕ
ਅਤੇ ਹੋਰ ਨਿਕਸੁਕ

*Original with;*
Jaswant Singh Zafar
*Digitized by;*
Panjab Digital Library

ਪਰ ਨਿਕਸੁਕ
ਕਿਸੇ ਦੀ ਗ਼ੈਰ ਮੌਜੂਦਗੀ ਨਹੀਂ ਪੂਰਦਾ

ਸਹੂਲਤਾਂ
ਮੁਹੱਬਤ ਤੋਂ ਵਧਕੇ ਨਹੀਂ ਹੋ ਸਕਦੀਆਂ

ਗੱਡੀ ਦੀ ਖਿੜਕੀ ਥਾਣੀਂ
ਬਾਹਰ ਹੀ ਵੇਖੀ ਜਾਣ ਨੂੰ ਜੀਅ ਕਰਦਾ
ਦੂਰ ਤੱਕ ਫੈਲੇ ਦਿਸਦੇ
ਹਰੇ ਭਰੇ ਖੇਤ ਮੈਦਾਨ ਚਰਾਗਾਹਾਂ
ਫ਼ਸਲਾਂ ਰੁੱਖ ਵੇਲਾਂ ਬੂਟੇ
ਸੰਤੁਸ਼ਟ ਤੇ ਪ੍ਰਸੰਨ ਚੰਗੇ ਲਗਦੇ

ਧਰਤੀ ਨਮੀ ਨਾਲ਼ ਰੱਜੀ ਹੋਈ
ਜਿਵੇਂ ਆਤਮਾ ਰੱਜੀ ਹੁੰਦੀ
ਮੁਹੱਬਤ ਨਾਲ਼

•

*Original with;*
Jaswant Singh Zafar
*Digitized by;*
Panjab Digital Library

## ਜੋੜ-ਤੋੜ

ਉਸ ਨਾਲ਼ ਜੁੜਨ ਦਾ ਚਾਅ
ਮੈਂ ਆਪਣੇ ਘਰ ਦੇ ਬਗੀਚੇ 'ਚੋਂ
ਫੁੱਲ ਤੋੜ ਕੇ ਦਿੱਤਾ

ਉਸ ਮੁਸਕਰਾ ਕੇ ਸਵੀਕਾਰਿਆ
ਅਤੇ ਕੁਝ ਕਹਿਣ ਵਾਂਗ
ਪਿਆਰ ਨਾਲ਼ ਪੁੱਛਿਆ–
ਇਹ ਆਪਣੀ ਥਾਂ 'ਤੇ
ਜ਼ਿਆਦਾ ਸੋਹਣਾ ਨਹੀਂ ਸੀ ਲੱਗਦਾ?

ਮੈਂ
ਘਰ ਨਾਲ਼ ਹੋਰ ਜੁੜ ਗਿਆ
ਅਤੇ ਓਸ ਨਾਲ਼
ਹੋਰ ਤਰ੍ਹਾਂ ਜੁੜ ਗਿਆ

•

*Original with;*
Jaswant Singh Zafar
*Digitized by;*
Panjab Digital Library

## ਜਲਵਾ

ਤੇਰੀ ਖਿੱਚ ਨਾਲ਼
ਆਪਣੇ ਆਪ ਤੋਂ
ਅਜੇ ਇਕ ਕਦਮ ਹੀ ਅੱਗੇ ਆਇਆ ਹਾਂ
ਇਥੇ ਹਵਾ ਰੰਗਦਾਰ ਹੈ
ਧੁੱਪ ਸੰਗੀਤਮਈ
ਤੇ ਆਕਾਸ਼ ਖ਼ੁਸ਼ਬੂਦਾਰ ਹੈ

•

*Original with;*
Jaswant Singh Zafar
*Digitized by;*
Panjab Digital Library

## ਸਾਥ

ਬਣੇ ਸੰਵਾਰੇ
ਸਜੇ ਤਰਾਛੇ
ਬਾਗ ਵਿਚ ਟਹਿਲਣ ਦੀ ਥਾਂ
ਚੱਲ ਆਪਾਂ ਰਲ਼
ਜੰਗਲ ਗਾਹੀਏ
ਇਕ ਦੂਜੇ ਨੂੰ ਲੱਭੀਏ
ਇਕ ਦੂਜੇ ਵਿਚ ਗੁੰਮੀਏਂ

•

*Original with;*
Jaswant Singh Zafar
*Digitized by;*
Panjab Digital Library

## ਸਤਿਸੰਗੀ

ਪੈਗ਼ੰਬਰ ਮੁਹੱਬਤ ਬਾਰੇ ਬੋਲ ਰਿਹਾ
ਆਪਾਂ ਸਨਮੁਖ ਹੋ ਸੁਣਦੇ
ਕਦੀ ਉਹ ਤੇਰੇ ਚਿਹਰੇ ਵੱਲ ਦੇਖਦਾ
ਕਦੀ ਮੇਰੀਆਂ ਅੱਖਾਂ ਵਿਚ ਤੱਕਦਾ
ਉਸ ਦਾ ਧਿਆਨ ਜਦ ਆਪਣੀ ਆਵਾਜ਼ 'ਤੇ ਹੁੰਦਾ
ਤਾਂ ਆਪਾਂ ਦੋਵੇਂ
ਇਕ ਦੂਸਰੇ ਵੱਲ ਤੱਕਦੇ
ਤੇ ਮੁਸਕ੍ਰਾਉਂਦੇ
ਇਕ ਦੂਸਰੇ ਨੂੰ ਅਬੋਲ ਦੱਸਦੇ-
ਮੈਂ ਵੀ ਓਹੀ ਸੁਣਿਆਂ
ਜੋ ਤੈਨੂੰ ਸੁਣਿਆਂ

•

*Original with;*
Jaswant Singh Zafar
*Digitized by;*
Panjab Digital Library

## ਮੈਂ ਤੇਰੇ ਲਈ

ਇਸ ਪਲ
ਮੈਂ ਤੇਰੇ ਲਈ
ਇਸ ਤਰ੍ਹਾਂ ਦਾ ਪਿਆਰ ਕਿਉਂ ਨਹੀਂ ਹੋ ਜਾਂਦਾ
ਕਿ ਬੀਤੇ ਸਭ ਪਲਾਂ 'ਚੋਂ
ਸਭ ਯਾਦਾਂ 'ਚੋਂ
ਦਰਦ ਚੂਸ ਲਵੇ
ਕਿ ਸਭ ਯਾਦਾਂ
ਸਾਰਾ ਇਤਿਹਾਸ
ਇਸ ਪਿਆਰ-ਪਲ ਤੱਕ ਪਹੁੰਚਣ ਦੀ
ਵਕਤ ਦੇ ਲਹਿਰੀ ਤਲ 'ਤੇ ਕੀਤੀ
ਯਾਤਰਾ ਜਾਪੇ ਤੈਨੂੰ

ਇਸ ਥਾਂ
ਮੈਂ ਤੇਰੇ ਲਈ
ਇਸ ਤਰ੍ਹਾਂ ਦਾ ਪਿਆਰ ਕਿਉਂ ਨਹੀਂ ਹੋ ਜਾਂਦਾ
ਜਿਵੇਂ ਮਿੱਟੀ ਖਾਦ ਤੇ ਸਲ੍ਹਾਬੇ 'ਚ ਖੜ੍ਹੇ
ਕੰਡਿਆਂ ਭਰੇ ਤਣੇ ਦਾ
ਤਾਜ ਹੁੰਦਾ
ਤਾਜ਼ਾ ਫੁੱਲ

ਇਸ ਤਰ੍ਹਾਂ ਦਾ ਹੋਣਾ
ਮੇਰੇ ਭਾਗੀਂ ਕਿਉਂ ਨਹੀਂ

•

*Original with;*
Jaswant Singh Zafar
*Digitized by;*
Panjab Digital Library

## ਬੇਵਸੀ

ਮੈਂ ਕਰਨਾ ਤਾਂ ਚਾਹੁੰਦਾ
ਆਪਣੇ ਪਿਆਰ ਨੂੰ
ਤੇਰੇ ਦਰਦ ਤੋਂ ਵੱਡਾ

ਪਰ ਆਪਣੇ ਪਿਆਰ ਨੂੰ
ਆਪਣੇ ਬੰਦੇ ਦੇ
ਦੁੱਖ ਤੋਂ ਵੱਡਾ ਕਿਵੇਂ ਕਰੀਦਾ
ਇਹ ਤਾਂ ਸ਼ਾਇਦ
ਰੱਬ ਨੂੰ ਵੀ ਨਹੀਂ ਪਤਾ

•

*Original with;*
Jaswant Singh Zafar
*Digitized by;*
Panjab Digital Library

## ਛੋਹ

ਤੂੰ ਪਿਆਰ ਨਾਲ਼
ਆਪਣੇ ਦੋਵਾਂ ਹੱਥਾਂ ਵਿਚਾਲੇ
ਮੇਰਾ ਇਕ ਹੱਥ ਲਿਆ
ਘੁੱਟਿਆ ਝੱਸਿਆ

ਕਰਾਮਾਤ ਹੋਈ

ਮੇਰੇ ਦੋਨਾਂ ਹੱਥਾਂ 'ਚੋਂ
ਉਦਾਸੀ ਦੀ ਰੇਖਾ
ਅਲੋਪ ਹੋ ਗਈ

•

*Original with;*
Jaswant Singh Zafar
*Digitized by;*
Panjab Digital Library

## ਚਾਹਤ

ਸਭ ਨੂੰ ਮਿਲਦਾ ਨਵੇਂ ਦਿਨ ਦਾ
ਸਫ਼ੈਦ ਕੋਰਾ ਕੈਨਵਸ
ਜਿਸ ਵਿਚ ਹਰ ਬੰਦਾ ਰੰਗ ਭਰਦਾ
ਆਪਣੀ ਜੁਗਤ ਯੋਗਤਾ ਮੂਜਬ
ਹਰੇਕ ਕੋਲ ਹੁੰਦੀ
ਸ਼ਾਮ ਨੂੰ ਵੱਖਰੀ ਵੱਖਰੀ ਤਸਵੀਰ

ਮੈਂ ਰੋਜ਼ ਤੇਰੇ
ਨਵੇਂ ਤੋਂ ਨਵੇਂ ਚਿਤਰ
ਚਿਤਰਨੇ ਚਾਹੁੰਨਾਂ
ਵੰਨ ਸੁਵੰਨੀਆਂ ਵਿਧੀਆਂ ਨਾਲ਼
ਵੰਨ ਸੁਵੰਨੇ ਮੂਡ ਵਿਚ
ਹਰ ਕੋਨ ਤੋਂ
ਹਰੇਕ ਰੰਗ ਨਾਲ਼
ਉਮਰ ਦੇ ਸਾਰੇ ਕੈਨਵਸ ਮੁੱਕਣ ਤੱਕ

•

*Original with;*
Jaswant Singh Zafar
*Digitized by;*
Panjab Digital Library

## ਹੋਰ ਪਰੇ

ਤੈਨੂੰ ਦੇਖਣ ਲਈ
ਵਾਰ ਵਾਰ ਦੇਖਣਾ ਪੈਂਦਾ
ਸੁਣਨ ਲਈ
ਵਾਰ ਵਾਰ ਸੁਣਨਾ ਪੈਂਦਾ
ਮਿਲਣ ਲਈ
ਵਾਰ ਵਾਰ ਮਿਲਣਾ ਪੈਂਦਾ

ਹਰ ਵਾਰ ਤਾਂਘ
ਹੋਰ ਵਾਰ ਦੀ

ਮਿਲਿਆਂ ਪੂਰਾ ਮਿਲ ਨਾ ਹੁੰਦਾ
ਵਿਛੜਿਆਂ ਪੂਰਾ ਵਿਛੜ ਨਾ ਹੁੰਦਾ

ਧਰਤੀ ਘੁੰਮਦੀ ਰਹਿੰਦੀ
ਪਰ ਉਸ ਨੂੰ ਨਹੀਂ ਪਤਾ
ਕਿ ਆਪਣੇ ਦੁਆਲੇ
ਜਾਂ ਤੇਰੇ ਦੁਆਲੇ

●

*Original with;*
Jaswant Singh Zafar
*Digitized by;*
Panjab Digital Library

## ਕਚਨਾਰ

ਤੈਨੂੰ ਵਿਹੜੇ ਵਿਚਲਾ
ਕਚਨਾਰ ਦਾ ਰੁੱਖ
ਬਹੁਤ ਪਸੰਦ ਹੈ

ਖਾਸ ਤੌਰ 'ਤੇ ਇਸ ਦੇ ਕੂਲੇ ਪੱਤੇ
ਪਾਨ ਦੇ ਪੁੱਠੇ ਪੱਤੇ ਵਰਗੇ
ਦਿਲ ਦੇ ਚਿੰਨ੍ਹ ਵਰਗੇ
ਮੁਹੱਬਤ ਦੇ ਪ੍ਰਤੀਕ

*Original with;*
Jaswant Singh Zafar
*Digitized by;*
Panjab Digital Library

ਸ਼ਾਮ ਢਲੇ
ਹਰ ਪੱਤਾ
ਵਿਚਾਲਿਓਂ ਤਹਿ ਹੋਣ ਲੱਗਦਾ
ਰਾਤ ਨੂੰ ਪੱਤੇ ਦੇ ਦੋਵੇਂ ਅੱਧ
ਇਕ ਦੂਏ ਨਾਲ਼ ਜੁੜੇ ਰਹਿੰਦੇ
ਸਵੇਰ ਹੁੰਦਿਆਂ ਫਿਰ ਖੁਲ੍ਹਣ ਲੱਗਦੇ
ਦਿਨੇਂ ਫੈਲੇ ਰਹਿੰਦੇ
ਆਪੋ ਆਪਣੀ ਦਿਸ਼ਾ ਵਿਚ

ਸ਼ਾਮ ਨੂੰ ਮੈਂ ਘਰ ਆਉਂਦਾ
ਤੂੰ ਮੁਸਕਰਾਉਂਦੀ
ਤੇ ਤੈਨੂੰ ਚੰਗਾ ਲਗਦਾ
ਵਿਹੜੇ ਵਿਚਲਾ ਕਚਨਾਰ ਦਾ ਰੁੱਖ
ਤੇ ਮੈਨੂੰ ਬੜਾ ਚੰਗਾ ਲੱਗਦਾ
ਇਸਦਾ ਤੈਨੂੰ ਚੰਗਾ ਲੱਗਣਾ

•

*Original with;*
Jaswant Singh Zafar
*Digitized by;*
Panjab Digital Library

## ਪੰਜ ਰੂਪ

ਚੁੱਪ ਚਾਪ ਵਗਦਾ ਪਾਣੀ
ਸੁਣ ਲੈਂਦਾ ਧਰਤੀ ਦੀ 'ਵਾਜ਼
ਸਾਫ਼ ਸਾਫ਼

ਹਵਾ ਦੀ ਆਮਦ ਲਈ
ਵੀ ਖਾਲੀ ਥਾਂ ਚਾਹੀਦੀ

ਪਤਾਲ ਨੂੰ ਦੇਖਣ ਲਈ
ਹਰ ਵੇਲੇ ਆਪਣੇ ਅੰਦਰ
ਟੋਆ ਪੁੱਟਦੇ ਰਹਿਣਾ ਪੈਂਦਾ

ਆਕਾਸ਼ ਦੇ ਸਿਖ਼ਰ ਵੱਲ ਜਾਣ ਲਈ
ਨਿਰਵਜ਼ਨ ਹੋਣ ਦੀ ਸ਼ਰਤ

ਅਗਨ ਨੂੰ ਹੁੰਘਾਰਾ
ਸੇਕ ਝੱਲ ਕੇ ਹੀ ਭਰਿਆ ਜਾਂਦਾ

ਤੈਨੂੰ ਜਾਨਣ ਲਈ
ਕੀ ਕੀ ਹੋਣਾ ਪੈਂਦਾ

•

*Original with;*
Jaswant Singh Zafar
*Digitized by;*
Panjab Digital Library

## ਅਖੰਡ ਜਾਪ

ਕੁਝ ਇਸ ਤਰ੍ਹਾਂ ਘੁਲੇ ਮਿਲੇ ਹਨ
ਉਹ ਇਕ ਦੂਏ ਵਿਚ
ਕਿ ਸ਼ਨਾਖ਼ਤ ਕਰਨੀ ਮੁਮਕਿਨ ਨਹੀਂ
ਕਿ ਕੌਣ ਪਾਣੀ ਤੇ ਕੌਣ ਪਿਆਸ ਹੈ
ਸ਼ਾਇਦ ਦੋਵੇਂ ਪਿਆਸ ਹੀ ਨੇ
ਜੋ ਇਕ ਦੂਏ ਨੂੰ ਪਾਣੀ ਬਣ ਕੇ ਮਿਲੇ

ਜਿਸਮ ਜੋ ਰੂਹਾਂ ਦੇ ਲਿਬਾਸ
ਇਕ ਦੂਜੇ ਲਈ ਪਾਰਦਰਸ਼ੀ ਹੋ ਗਏ
ਦੋਵੇਂ ਤਪੱਸਿਆ ਵਰਗੇ
ਜੋ ਇਕ ਦੂਜੇ ਦੀ ਝੋਲੀ 'ਚ
ਫਲ ਬਣ ਕੇ ਡਿੱਗੇ

ਸਚਮੁਚ ਪਤਾ ਨਹੀਂ ਲਗਦਾ
ਕੌਣ ਕਿਸ ਦੇ ਸਾਹੀਂ ਘੁਲਿਆ
ਦੋਨੋਂ ਇਕ ਦੂਏ ਦੀਆਂ ਧੜਕਣਾਂ 'ਚ ਧੜਕਦੇ

ਪਿਆਰ ਦੀ ਜੋਤ ਨਾਲ਼
ਹਨ੍ਹੇਰੇ ਖੂੰਜਿਆਂ 'ਚ ਪਨਾਹ ਭਾਲਦੀ ਮਰਿਆਦਾ
ਹਾਰ ਕੇ ਬੂਹਿਓਂ ਬਾਹਰ ਹੋ ਜਾਂਦੀ
ਪਿਆਰ ਦੀ ਅਗਰਬੱਤੀ ਨਾਲ਼
ਮਨ ਮਹਿਕ ਜਾਂਦੇ

•

*Original with;*
Jaswant Singh Zafar
*Digitized by;*
Panjab Digital Library

## ਪ੍ਰੇਮ

ਖੁੱਲ੍ਹੀਆਂ ਅੱਖਾਂ ਨਾਲ਼
ਜਿੰਨਾ ਕੁਝ ਦਿਸਦਾ ਹੈ ਨਜ਼ਰ ਦੀ ਸੀਮਾ ਤੱਕ
ਤੇਰੇ ਹੀ ਆਕਾਰ ਦਾ ਵਿਸਥਾਰ

ਬੰਦ ਅੱਖਾਂ ਨਾਲ਼
ਅੰਦਰ ਬਾਹਰ ਤੇਰੀ ਅਸੀਮਤਾ ਮਹਿਸੂਸ ਹੁੰਦੀ
ਸਾਰੀ ਭਟਕਣ ਤੇਰੀ ਸਾਰੀ ਅਸੀਮਤਾ ਨੂੰ
ਇਕੋ ਵਾਰੀ ਛੂਹ ਲੈਣ ਦੀ

*Original with;*
Jaswant Singh Zafar
*Digitized by;*
Panjab Digital Library

ਸਾਰੇ ਹੌਲ਼ੇ ਭਾਰੇ ਸ਼ਬਦ
ਤੇਰੀ ਪ੍ਰਕਰਮਾ ਕਰਦੇ
ਪ੍ਰੇਮ-ਗੀਤ ਬਣਨਾ ਚਾਹੁੰਦੇ
ਸਾਰੇ ਰੰਗ ਇਕ ਦੂਏ 'ਚ ਘੁਲ ਮਿਲ ਕੇ
ਇਕ ਰੰਗ ਬਣਨਾ ਸੋਚਦੇ

ਪ੍ਰੇਮ ਤੋਂ ਅਗਾਂਹ ਕੋਈ ਪ੍ਰਵਚਨ ਨਹੀਂ ਜਾਂਦਾ
ਇਸ ਸੰਕਲਪ ਦਾ ਕੋਈ ਵਿਕਲਪ ਨਹੀਂ
ਤ੍ਰਿਸ਼ਨਾ ਨੂੰ ਉਪਦੇਸ਼ ਦੀ ਸੰਗਲੀ ਨਾਲ਼ ਬੰਨ੍ਹਣ ਦੀ ਬਜਾਏ
ਤੇਰੇ ਧੁਰ ਅੰਦਰ ਨਾਲ਼ ਮਿਲਾਉਂਦੇ
ਪ੍ਰੇਮ ਦੇ ਆਦਿ-ਮਾਰਗ 'ਤੇ ਤੋਰ ਕੇ
ਤੇਰੇ ਨਾਲ਼ ਮੇਲ ਕੇ ਅੰਤ ਕਰਨਾ ਚਾਹੁੰਨਾਂ

ਇਹ ਮੈਂ ਤੋਂ ਤੂੰ ਵੱਲ ਦਾ
ਪ੍ਰੇਮ ਮਾਰਗ
ਮੇਰੇ ਧੁਰ ਅੰਦਰ ਨੂੰ
ਤੇਰੇ ਸਭ ਕਾਸੇ ਨਾਲ਼ ਜੋੜਦਾ

•

*Original with;*
Jaswant Singh Zafar
*Digitized by;*
Panjab Digital Library

## ਮੁਹੱਬਤ

ਮੇਰੀ ਆਤਮਾ ਹਰ ਵੇਲੇ
ਤੇਰੀ ਪ੍ਰਕਰਮਾ 'ਚ ਹੈ
ਮੇਰਾ ਤਪਦਾ ਮਨ ਹਰ ਵੇਲੇ
ਤੇਰੇ ਧੁਰ ਅੰਦਰ ਪਨਾਹ ਮੰਗਦਾ
ਤੇਰੇ ਵਿਚ ਸਿਮਟ ਜਾਣਾ ਹੀ
ਸਭ ਤੋਂ ਵੱਧ ਫੈਲ ਜਾਣਾ ਲੱਗਦਾ
ਮੁਹੱਬਤ ਦਾ ਆਪਣਾ ਨਾਂ ਹੀ ਸਭ ਤੋਂ ਸੋਹਣਾ
ਸਭ ਰਿਸ਼ਤੇ ਮੁਹੱਬਤ ਦੇ ਮੁਥਾਜ਼
ਮੁਹੱਬਤ ਨੂੰ ਕਿਸੇ ਦੀ ਮੁਥਾਜ਼ੀ ਨਹੀਂ

●

*Original with;*
Jaswant Singh Zafar
*Digitized by;*
Panjab Digital Library

## ਸਿਮਰਨ

ਮੈਂ ਤੈਨੂੰ ਯਾਦ ਨਹੀਂ ਕਰਦਾ
ਜੀਵਨ ਸੈਰ ਕਰਦਿਆਂ
ਪਹਾੜੀਂ ਚੜ੍ਹਦਿਆਂ ਢਲਾਨੀਂ ਲਹਿੰਦਿਆਂ
ਯਾਦ ਤੇ ਕਰੀਦਾ ਕਿਸੇ ਵਿਛੜੇ ਨੂੰ
ਹੋਏ ਬੀਤੇ ਨੂੰ
ਯਾਦ ਕਰਨ ਲਈ ਚਾਹੀਦਾ
ਸਮੇਂ ਸਥਾਨ ਦਾ ਫਾਸਲਾ
ਤੂੰ ਹਰ ਥਾਂ ਹਰ ਪਲ ਮੇਰੇ ਨਾਲ਼
ਜੋ ਵੀ ਦਿਸਦਾ ਨਜ਼ਾਰਾ
ਤੇਰਾ ਦੀਦਾਰ
ਜੋ ਵੀ ਸੁਣਦਾ
ਤੇਰੀ ਆਵਾਜ਼
ਜੋ ਵੀ ਛੂੰਹਦਾ
ਤੇਰਾ ਸਪਰਸ਼
ਰੁਮਕਦੀ ਪੌਣ ਤੇਰੇ ਸਾਹ
ਹਰ ਸਾਹ ਹਰ ਰਾਹ ਤੂੰ ਮੇਰੇ ਨਾਲ਼
ਮੈਂ ਤੈਨੂੰ ਕੀ ਯਾਦ ਕਰਨਾ

●

*Original with;*
Jaswant Singh Zafar
*Digitized by;*
Panjab Digital Library

## ਬੱਸ ਏਨਾ ਯਾਦ ਰੱਖੀਂ

ਤੂੰ ਚਾਹੇ ਭੁੱਲ ਜਾਈਂ ਮੈਨੂੰ
ਤੇ ਵਿਸਾਰ ਦੇਈਂ ਮੇਰੀਆਂ
ਹੋਰ ਸਭ ਗੱਲਾਂ
ਬੱਸ ਏਨਾ ਯਾਦ ਰੱਖੀਂ
ਕਿ ਤੇਰੇ ਦੂਰ ਹੋਣ 'ਤੇ
ਜਾਂ ਤੇਰੇ ਤੋਂ ਦੂਰ ਹੋ ਕੇ
ਮੈਂ ਉਹੋ ਜਿਹਾ ਨਹੀਂ ਰਹਿੰਦਾ

•

*Original with;*
Jaswant Singh Zafar
*Digitized by;*
Panjab Digital Library

## ਬਿਲਕੁਲ ਉਵੇਂ

ਜਿਵੇਂ ਅਸਮਾਨ ਤੇ ਸਤਰੰਗੀ ਪੀਂਘ ਚੜ੍ਹਦੀ
ਕੱਪੜੇ ਨੂੰ ਰੰਗ ਚੜ੍ਹਦਾ
ਸ਼ਰਾਬੀ ਨੂੰ ਨਸ਼ਾ
ਤੇ ਅੱਲ੍ਹੜ ਨੂੰ ਚਾਅ ਚੜ੍ਹਦਾ
ਇਵੇਂ
ਤੂੰ ਮੈਨੂੰ ਚੜ੍ਹਦੀ

ਜਿਵੇਂ ਪਹਾੜ 'ਚ ਨਦੀ
ਖੇਤ 'ਚ ਖਾਲ਼ ਵਗਦੀ
ਨਾੜਾਂ 'ਚ ਲਹੂ ਵਗਦਾ
ਇਵੇਂ ਤੂੰ ਮੇਰੇ 'ਚ ਵਗਦੀ

ਸ਼ਾਮ ਦਾ ਸੂਰਜ
ਜੋ ਸਮੁੰਦਰ ਨੂੰ ਕਰ ਦਿੰਦਾ
ਤਾਰੇ ਜੋ ਰਾਤ ਨੂੰ ਕਰ ਦਿੰਦੇ
ਖ਼ੁਸ਼ਬੂ ਹਵਾ ਨੂੰ ਕਰ ਦਿੰਦੀ
ਖ਼ੁਸ਼ੀ ਜੋ ਮਨ ਨੂੰ ਕਰ ਦਿੰਦੀ
ਓਹੀ ਤੂੰ ਮੈਨੂੰ ਕਰ ਦਿੰਦੀ
•

(ਅੰਬਰੀਸ਼ ਤੋਂ)

*Original with;*
Jaswant Singh Zafar
*Digitized by;*
Panjab Digital Library

## ਨੰਗੇਜ਼

ਰੁੱਖਾਂ ਦਾ ਰੁੱਤਾਂ ਨਾਲ਼ ਰਿਸ਼ਤਾ ਆਦਿ ਜੁਗਾਦੀ
ਰੁੱਖ ਰੁੱਤ ਤੋਂ ਬਾਗੀ ਨਾ ਹੁੰਦੇ
ਰੁੱਤਾਂ ਦਾ ਆਉਣਾ ਜਾਣਾ
ਪੱਤਿਆਂ ਦਾ ਪੁੰਗਰਨਾ ਝੜਨਾ
ਰੁੱਖਾਂ ਦਾ ਸਹਿਜ ਸਫ਼ਰ
ਇਸ ਸਫ਼ਰ ਵਿਚ ਨੰਗੇਜ਼ ਕੋਈ ਸਰਾਪ ਨਹੀਂ

ਨੰਗੇਜ਼ ਸੱਚ ਵਰਗੀ ਸੁੱਚੀ ਚੀਜ਼
ਜੰਮਣ ਵੇਲੇ ਨੰਗੇ ਹੁੰਦੇ ਸਾਰੇ ਸੁੱਚੇ ਸੁੱਚੇ
ਮਾਂ ਲਈ ਬੱਚੇ ਦਾ ਨੰਗੇਜ਼ ਕਿੰਨਾ ਸੁੱਚਾ
ਪ੍ਰੇਮੀ ਕਿੰਨੇ ਸੁੱਚੇ ਹੁੰਦੇ
ਜਦ ਇਕ ਦੂਜੇ ਕੋਲ ਹੁੰਦੇ
ਆਪਣੇ ਤਨ ਮਨ
ਤੇ ਆਤਮਾ ਦੇ ਪੂਰੇ ਨੰਗੇਜ਼ ਨਾਲ਼

•

*Original with;*
Jaswant Singh Zafar
*Digitized by;*
Panjab Digital Library

## ਜੱਫੀ

ਉਹ ਸਦਮੇ ਦੀ ਜਕੜ ਵਿਚ
ਪਰ ਸਹਿਜ ਦਿਸਣ ਦਾ ਅਹਿਤਿਆਤ ਸੀ ਪੂਰਾ
ਕਿ ਉਸਦੇ ਦੁੱਖ ਦੀ ਓਧਰ ਖ਼ਬਰ ਨਾ ਹੋਵੇ

ਪਰ ਸਹਿਜ ਉਚੇਚਾ
ਸਹਿਜ ਨਾ ਹੁੰਦਾ
ਜਿਸਨੇ ਸਹਿਜੇ ਚੁਗਲੀ ਕੀਤੀ ਓਧਰ
ਉਸਦੇ ਦੁੱਖ ਦੀ
ਮਨ 'ਚੋਂ ਦੁੱਖ ਦੀ ਧਾਰਾ ਗੁਜ਼ਰੀ
ਲੂੰਅ ਲੂੰਅ ਪੀੜਤ ਹੋਇਆ ਓਧਰ

*Original with;*
Jaswant Singh Zafar
*Digitized by;*
Panjab Digital Library 

ਤੇ ਹੁਣ ਓਧਰ ਕੋਸ਼ਿਸ਼ ਪੂਰੀ
ਕਿ ਏਧਰ ਪਤਾ ਨਾ ਲੱਗੇ
ਉਸ ਦੇ ਦੁੱਖ ਦੀ ਮਿਲੀ ਖ਼ਬਰ ਦਾ
ਦੁੱਖ ਹੋਏ ਦਾ

ਦੋਵੇਂ ਹੱਸ ਹੱਸ ਗੱਲਾਂ ਕਰਦੇ
ਬਿਨ ਹਾਸੇ ਵੀ ਹੱਸਦੇ ਉੱਚੀ ਉੱਚੀ
ਹੋਏ ਖਾਮੋਸ਼ ਅਚਾਨਕ
ਇਕ ਦੂਏ ਦੀਆਂ ਅੱਖਾਂ ਵਿਚ ਝਾਕੇ
ਅੱਖਾਂ ਝੁਕੀਆਂ ਦੋਵੇਂ ਪਾਸੇ
ਪਿੰਡੇ ਇਕ ਦੂਏ ਨਾਲ਼ ਲਿਪਟੇ
ਹਵਾ ਥੰਮ੍ਹ ਗਈ
ਨਦੀਆਂ ਵਗੀਆਂ
ਸਾਰੀ ਬਰਫ਼ ਦੇ ਪਿਘਲਨ ਤੀਕਰ

ਆਖ਼ਰ 'ਤੇ
ਨਾ ਹੱਸਣ ਨਾ ਰੋਣ ਸੀ
ਦੋਨਾਂ ਦਾ ਇਕ ਹੋਣ ਸੀ

•

*Original with;*
Jaswant Singh Zafar
*Digitized by;*
Panjab Digital Library

## ਤੇਰੇ ਬਾਰੇ

ਮੈਂ ਤਾਂ ਆਮ ਜਿਹਾ ਪਾਣੀ ਸਾਂ
ਬੱਸ ਦੇਖਣ ਵਾਲੇ ਤੇ ਸਾਂ
ਕਿਸੇ ਨੂੰ ਲੋਟਾ ਕਟੋਰਾ ਦਿਸਦਾ
ਕਿਸੇ ਨੂੰ ਝੀਲ ਜਾਂ ਦਰਿਆ
ਇਹ ਤੇਰੀ ਨਦਰ ਦੀ ਵਿਸ਼ਾਲਤਾ
ਜੋ ਮੈਂ ਸਮੁੰਦਰ ਹੋ ਗਿਆ

ਮੈਂ ਤਾਂ ਪਥਰੀਲਾ ਤੇ ਖੁਰਦਰਾ ਜਿਹਾ ਸਾਂ
ਇਹ ਤੇਰੇ ਪੋਟਿਆਂ ਦੀ ਛੂਹ ਦੀ ਬਰਕਤ
ਕਿ ਸਿੱਪੀ 'ਚ ਮੋਤੀ ਪੈ ਗਿਆ

ਮੈਂ ਤਾਂ ਆਪਣੇ ਆਪ ਅੰਦਰ
ਗੁੰਮੀ ਆਵਾਜ਼ ਸਾਂ
ਇਹ ਤਾਂ ਤੇਰੀ ਮੁਹੱਬਤ ਦਾ ਜਲਵਾ
ਜੋ ਮੈਂ ਹਵਾ ਵਾਂਗ ਉਡ ਉਡ ਫੈਲਦਾ

ਹਾਂ ਸੱਚ
ਇੱਕ ਗੱਲ ਹੋਰ ਦੱਸਣੀ ਤੇਰੇ ਬਾਰੇ
ਕਿ ਤੇਰੇ ਕੋਲ
ਰਣ ਨੂੰ ਰੰਗ ਕਰਨ ਦਾ ਜਾਦੂ ਹੈ

•

*Original with;*
Jaswant Singh Zafar
*Digitized by;*
Panjab Digital Library

## ਚੋਟੀ

ਉੱਚੀ ਤੋਂ ਉੱਚੀ ਪਰਬਤੀ ਚੋਟੀ
ਆਪਣੀ ਉਚਾਈ ਕਰਕੇ
ਇਕੱਲੀ ਨਹੀਂ ਹੁੰਦੀ
ਸਹਿਹੋਂਦ ਹੁੰਦੀ ਉਸਦੀ
ਉਚਾਈ ਦੇ ਥੋੜ੍ਹੇ ਬਹੁਤੇ ਫਰਕ ਵਾਲੀਆਂ
ਅਣਗਿਣਤ ਚੋਟੀਆਂ ਨਾਲ਼

ਇਕੱਲੀ ਤਾਂ ਉਹ
ਉੱਚੀ ਹੋਣ ਦੇ
ਗਰੂਰ ਕਰਕੇ ਹੁੰਦੀ

ਗਰੂਰ ਨੂੰ ਤੋੜਦੇ
ਚੋਟੀ ਸਰ ਕਰਨ ਵਾਲੇ
ਚੋਟੀ 'ਤੇ ਚੜ੍ਹਨਾ ਹੁੰਦਾ
ਸਰ ਕਰਨਾ
ਨਾ ਕਿ ਪਿਆਰ ਕਰਨਾ

•

(ਅਨਿਲ ਆਦਮ ਤੋਂ)

*Original with;*
Jaswant Singh Zafar
*Digitized by;*
Panjab Digital Library

## ਸਖੀਆਂ

ਤਿੰਨ ਸਖੀਆਂ
ਸੋਹਣੀਆਂ ਸੁਨੱਖੀਆਂ ਸਚਿਆਰੀਆਂ
ਆਪਸ ਵਿਚ ਸਹੇਲੀਆਂ
ਨਾਂ ਵੀ ਸੋਹਣੇ–
ਸਹਿਣਸ਼ੀਲਤਾ
ਸਿਆਣਪ ਤੇ
ਨਿਮਰਤਾ
ਕਿੰਨੀਆਂ ਚੰਗੀਆਂ ਪਿਆਰੀਆਂ
ਮੈਨੂੰ ਚੰਗਾ ਤੇ ਪਿਆਰਾ ਬਣਾਉਂਦੀਆਂ
ਸੋਭਾ ਵਡਿਆਈ ਮਿਲਦੀ
ਸੰਗ ਸਾਥ ਵਰਗਾ ਸੰਪਰਕ
ਪਰ ਔਖੇ ਵੇਲੇ ਜਦ
ਇਹਨਾਂ ਦੀ ਲੋੜ ਹੁੰਦੀ ਡਾਹਢੀ
ਸਾਥ ਛੱਡ ਛੂ ਮੰਤਰ ਹੋ ਜਾਂਦੀਆਂ
ਰਹਿ ਜਾਂਦਾ ਇਕੱਲਾ ਜਿਵੇਂ ਨਿਹੱਥਾ

ਬੇਵਫ਼ਾਈ ਦਾ ਇਲਜ਼ਾਮ ਸੁਣ ਕੇ
ਤਿਲ ਮਿਲਾਈਆਂ ਤਿੰਨੋਂ ਸਖੀਆਂ–
ਅਸੀਂ ਤੇਰਾ ਸਾਥ
ਕਦੀ ਨਾ ਛੱਡਣਾ ਚਾਹਿਆ
ਜਿਵੇਂ ਇਮਤਿਹਾਨ ਵੇਲੇ
ਬੰਦੇ ਆਪਣੇ ਕਹਿੰਦੇ ਕਹਾਉਂਦੇ ਯਾਰਾਂ
ਜਾਨੀ 'ਅਸੂਲਾਂ' ਤੋਂ ਕਿਨਾਰਾ ਕਰ ਜਾਂਦੇ

*Original with;*
Jaswant Singh Zafar
*Digitized by;*
Panjab Digital Library

ਤੂੰ ਸਾਨੂੰ ਛੱਡ ਦਿੰਦਾ ਖੜ੍ਹੀਆਂ ਖੜੋਤੀਆਂ
ਤੇ ਦੌੜ ਕੇ ਕੁੱਛੜ ਜਾ ਚੜ੍ਹਦਾ
ਆਪਣੀ ਮੁਕਲਾਵੇ ਵਾਲੀ 'ਮੈਂ' ਦੇ
ਉਹ ਜਿਵੇਂ ਬੁਲਾਉਂਦੀ ਤੂੰ ਬੋਲਦਾ
ਤੇਰੀ 'ਮੈਂ' ਜਿਵੇਂ ਕਹਿੰਦੀ ਤੂੰ ਕਰਦਾ
ਸਾਡਾ ਤੈਨੂੰ ਚੇਤਾ ਹੀ ਭੁੱਲ ਜਾਂਦਾ

ਸਖੀਆਂ ਦਾ ਨਿਹੋਰਾ ਸੁਣ ਮੈਂ ਮੁਸਕ੍ਰਾਇਆ
ਤੇ ਮੁਸਕਾਨ ਸ਼ਰਮਿੰਦਗੀ ਵਿਚ ਵਟ ਗਈ
ਫਿਰ ਉਚੀ ਦੇਣੀ ਹਾਸਾ ਹੀ ਨਿੱਕਲ ਗਿਆ
ਜਦ ਕਈ ਪਤਨੀਆਂ ਵਲੋਂ
ਆਪਣੇ ਪਤੀਆਂ ਨੂੰ
ਕਹੀ ਜਾਂਦੀ ਗੱਲ ਕੰਨੀਂ ਗੂੰਜਣ ਲੱਗੀ–
ਔਖੇ ਵੇਲੇ 'ਮੈਂ' ਹੀ ਕੰਮ ਆਉਂਦੀ
ਦੁੱਖ ਵੇਲੇ 'ਮੈਂ' ਸਾਂਭਦੀ
ਕੋਈ ਨਹੀਂ ਲੱਭਦੀ
ਆਹ ਜਿਹੜੀਆਂ ਬਾਹਲੀਆਂ ਤੁਰੀਆਂ ਫਿਰਦੀਆਂ
ਤੇਰੇ ਅੱਗੇ ਪਿੱਛੇ
ਮੈਨੂੰ ਇਕੱਲੇ ਨੂੰ ਕਮਲਿਆਂ ਵਾਂਗ ਹੱਸਦਾ ਦੇਖ
ਹੈਰਾਨ ਪ੍ਰੇਸ਼ਾਨ ਤਿੰਨੋਂ ਸਖੀਆਂ–
ਸਹਿਣਸ਼ੀਲਤਾ
ਸਿਆਣਪ ਤੇ
ਨਿਮਰਤਾ

•

*Original with;*
Jaswant Singh Zafar
*Digitized by;*
Panjab Digital Library

## ਸੁੱਚਾ ਕੀਤਾ

ਜੇ ਆਪਣੀ ਦਰਦੀਲੀ ਵਿਥਿਆ
ਉਸ ਹੱਸ ਹੱਸ ਕੇ ਨਾ ਦੱਸੀ ਹੁੰਦੀ
ਲੱਗਦਾ ਨਹੀਂ ਕਿ ਮੈਂ ਜ਼ਿੰਦਗੀ ਵਿਚ
ਮੁੜ ਕਦੀ ਵੀ ਹੱਸ ਸਕਣਾ ਸੀ
ਮੈਨੂੰ ਉਸ ਦੇ ਦੁੱਖ ਨੇ ਗਹਿਰਾ
ਤੇ ਹਾਸੇ ਨੇ ਉੱਚਾ ਕੀਤਾ
ਉਸਨੂੰ ਨਹੀਂ ਅੰਦਾਜ਼ਾ ਹੋਣਾ
ਕਿ ਉਸ ਦੇ ਦੁੱਖ ਦੀ ਛੋਹ ਨੇ
ਮੈਨੂੰ ਕਿੰਨਾ ਸੁੱਚਾ ਕੀਤਾ

•

*Original with;*
Jaswant Singh Zafar
*Digitized by;*
Panjab Digital Library

## ਤਾਂਘ

ਹੱਕ ਹੈ
ਪਿਆਸ ਨੂੰ ਪਾਣੀ ਨਾਲ਼ ਮਿਲਣ ਦਾ
ਬੁੱਲ੍ਹਾਂ ਨੂੰ ਪਿਆਰ ਵਾਲਾ ਚੁੰਮਣ ਹੋਣ ਦਾ

ਆਪਣੀ ਪਿਆਸ ਨੂੰ ਕਹਿ
ਵਧ ਵਧ ਕੇ ਮੈਨੂੰ ਸਮੁੰਦਰ ਕਰ ਲਵੇ
ਆਪਣੀ ਬਰਫ਼ ਨੂੰ ਕਹਿ
ਮੇਰਾ ਨਿੱਘ ਸਵੀਕਾਰ ਕਰੇ
ਤੇਰੇ ਬੂੰਦ ਬੂੰਦ ਪਿਘਲਣ ਤੱਕ
ਮੇਰਾ ਕਣ ਕਣ ਤੇਰੇ ਵਿਚ ਘੁਲ਼ ਜਾਵੇਗਾ

ਮੈਂ ਤੂੰ ਹੋਣ ਨੂੰ ਤਾਂਘਦਾ
ਤੇ ਤੂੰ ਨੂੰ ਮੈਂ ਕਰਨਾ ਲੋਚਦਾ

•

*Original with;*
Jaswant Singh Zafar
*Digitized by;*
Panjab Digital Library

## ਸੋਹਣੀਆਂ ਅੱਖਾਂ

ਉਸ ਦੀ ਵਿਥਿਆ ਸੁਣਦਿਆਂ
ਮੇਰਾ ਸਖ਼ਤ ਮੱਥਾ ਪਿਘਲ ਕੇ
ਅੱਖਾਂ ਥਾਣੀਂ ਵਗਣ ਲੱਗਾ
ਉਸ ਦੇ ਚਿਹਰੇ 'ਤੇ ਪਛਤਾਵੇ ਦਾ ਪ੍ਰਛਾਵਾਂ ਉਤਰ ਆਇਆ
ਮੈਨੂੰ ਕਲਾਵੇ 'ਚ ਲੈ ਉਸ ਲਾਡ ਨਾਲ਼ ਕਿਹਾ–
ਰੋਣਾ ਨਹੀਂ

ਫਿਰ ਮੁਸਕਰਾ ਕੇ ਕਿਹਾ ਓਸ–
ਵੈਸੇ ਤੈਨੂੰ ਪਤਾ?
ਰੋਣ ਨਾਲ਼ ਅੱਖਾਂ ਸੋਹਣੀਆਂ ਹੋ ਜਾਂਦੀਆਂ
ਮੈਂ ਨਜ਼ਰ ਉਠਾਅ
ਉਸ ਦੀਆਂ ਅੱਖਾਂ ਨੂੰ ਨੀਝ ਨਾਲ਼ ਤੱਕਿਆ
ਮੇਰਾ ਫਿਰ ਰੋਣਾ ਨਿਕਲ ਗਿਆ

•

*Original with;*
Jaswant Singh Zafar
*Digitized by;*
Panjab Digital Library

## ਜੁਗਤੀ

ਕਈ ਦਿਨਾਂ ਤੋਂ ਚਾਹੁੰਦੇ ਹੋ
ਤੁਸੀਂ ਮੈਨੂੰ ਮਿਲਣਾ ਗੱਲਾਂ ਕਰਨਾ
ਪਰ ਹੌਸਲਾ ਨਹੀਂ ਕੁੱਦਣ ਦਾ
ਤੈਰਨ ਡੁੱਬਣ ਦਾ
ਉੱਛਲ ਉੱਛਲ ਵਗਦਾ ਜੋ
ਦਰਮਿਆਨ ਦਰਦ ਦਾ ਦਰਿਆ
ਬੇਇੰਤਹਾ

ਥੋੜ੍ਹੀ ਕਰੋ ਉਡੀਕ
ਮੈਂ ਹੀ ਆ ਮਿਲਦਾਂ ਹਾਂ
ਤੁਹਾਨੂੰ ਤੁਹਾਡੇ ਪਾਰ
ਟੱਪਕੇ ਇਹ ਦਰਿਆ
ਜੋ ਵਗਦਾ ਵਿਚਕਾਰ
ਬਿਨ ਡੁੱਬੇ ਬਿਨ ਭਿੱਜੇ
ਹੱਸਦਾ ਟੱਪਦਾ
ਸਾਬਤ ਸਬੂਤਾ

ਤੇ ਦਰਦ ਦਾ ਦਰਿਆ
ਸ਼ਰਮ ਸਾਰੀ 'ਚ ਡੁੱਬਿਆ
ਪਰ੍ਹਾਂ
ਪਿਆ ਵਗੀ ਜਾਏਗਾ

•

*Original with;*
Jaswant Singh Zafar
*Digitized by;*
Panjab Digital Library

## ਕੁਰੱਪਟ ਸਾਫਟ ਵੇਅਰ

ਉਸ ਨੂੰ ਲੱਗਦਾ
ਕਿ ਉਸ ਅੰਦਰ
ਭਾਸ਼ਾ ਦੇ ਸਮੁੰਦਰ ਵਿਚਾਲੇ ਖੜ੍ਹਾ
ਗੱਲਾਂ ਦਾ ਪਰਬਤ
ਕੰਢੇ ਵੱਲ ਸਰਕ ਗਿਆ

ਤੇ ਦੋਹਾਂ ਵਿਚਾਲੇ
ਫੈਲ ਰਿਹਾ ਮਾਰੂਥਲ ਲਗਾਤਾਰ

ਹੁਣ ਨਾ ਸਮੁੰਦਰ ਤੋਂ ਉੱਡ
ਬੱਦਲ ਪਰਬਤ ਜਾਂਦੇ
ਨਾ ਹੀ ਪਰਬਤ ਤੋਂ
ਜਲ ਧਾਰਾ ਵਹਿੰਦੀ
ਦੋਹਾਂ ਵਿਚਾਲੇ ਹੈ
ਕੁਰੱਪਟ ਹੋਏ ਸਾਫਟ ਵੇਅਰ ਵਰਗਾ
ਵਿਸ਼ਾਲ ਮਾਰੂਥਲ

•

*Original with;*
Jaswant Singh Zafar
*Digitized by;*
Panjab Digital Library

## ਪੀਲੇ ਪੰਛੀ

ਸੁਬਾਹ ਸਵੇਰੇ ਪੀਲੇ ਪੰਛੀ
ਸੂਰਜ ਵੱਲੋਂ ਆਏ
ਜਿਓਂ ਤਿੱਖਾ ਤੀਰ ਤਿਕੋਨ ਬਣਾਈ
ਚੀਰੀ ਛਾਤੀ ਲੰਘ ਗਏ ਪਿੱਠ ਪਾਰੋਂ
ਫੜ ਫੜ ਦੀ ਆਵਾਜ਼ ਖੰਭਾਂ ਵਾਲੀ
ਰਹਿ ਗਈ ਅੰਦਰ ਬਣਕੇ ਗੂੰਜ

ਲਹਿੰਦੇ ਵੱਲ ਸਨ ਉਡਦੇ ਜਾਂਦੇ

ਪਿੱਠ ਉਤਲੀ ਅੱਖ ਵਰਗੀ ਮੋਰੀ
ਉਹਨਾਂ ਨੂੰ ਤੱਕਦੀ ਸੀ
ਘਟਦੇ ਘਟਦੇ ਬਿੰਦੂ ਬਣਦੇ

ਸ਼ਾਮ ਤੀਕ ਇਹ ਬਿੰਦੂ ਸਾਰੇ
ਦੋਮੇਲ ਸਾਗਰ ਦੇ ਅੰਦਰ ਘੁਲ਼ ਗਏ
ਏਧਰ ਖ਼ੂਨ 'ਚ ਪੂਰੀ ਘੁਲ਼ ਗਈ
ਫੜ ਫੜ ਦੀ ਆਵਾਜ਼

•

*Original with;*
Jaswant Singh Zafar
*Digitized by;*
Panjab Digital Library

## ਸੁੱਕੀ ਬਾਉਲੀ

ਸੂਰਜ ਢਲਣ ਦੇ ਪਿੱਛੋਂ
ਨ੍ਹੇਰਾ ਤਾਂ ਹੋ ਜਾਂਦਾ
ਰਾਤ ਨਹੀਂ ਪਰ ਪੈਂਦੀ
ਫਿਰ ਲੋਅ ਹੋਣ ਦੇ ਮਗਰੋਂ
ਚੜ੍ਹ ਤਾਂ ਪੈਂਦਾ ਸੂਰਜ
ਦਿਨ ਪਰ ਕਦੀ ਨਾ ਚੜ੍ਹਦਾ
ਸਮਾਂ ਚਲਦਾ ਹੈ ਆਪਣੀ ਤੋਰੇ
ਜ਼ਿੰਦਗੀ ਪਰ ਰੁੱਕ ਜਾਂਦੀ

ਡੁੱਬ ਮਰਨ ਲਈ ਉਤਰ ਜਾਂਦਾ
ਬੰਦਾ ਆਪਣੇ ਅੰਦਰ
ਬਾਉਲੀ ਦੀ ਹਨ੍ਹੇਰੀ ਪੌੜੀ
ਪਰ ਉਥੇ
ਡੁੱਬਣ ਲਈ ਤਾਂ ਕੀ
ਅੱਖੀਂ ਛਿੱਟੇ ਮਾਰਨ ਜੋਗਾ
ਪਾਣੀ ਵੀ ਨਾ ਹੁੰਦਾ
ਤੇ ਹਿੰਮਤ ਨਾ ਬਚਦੀ
ਬਾਹਰ ਵਾਪਸ ਪਰਤਣ ਜੋਗੀ

*Original with;*
Jaswant Singh Zafar
*Digitized by;*
Panjab Digital Library

ਅੱਖਾਂ ਖੋਲ੍ਹਣ 'ਤੇ
ਨ੍ਹੇਰਾ ਹੀ ਨ੍ਹੇਰਾ ਹੈ ਦਿਸਦਾ
ਬੰਦ ਕੀਤਿਆਂ ਅੱਖਾਂ
ਮੱਚਦੇ ਭਾਂਬੜ ਦਿਸਦੇ
ਨ੍ਹੇਰੇ ਵਿਚ ਗੁਆਚ ਕੇ ਪੂਰਾ
ਸੜਨਾ ਚਾਹੁੰਦਾ ਬੰਦਾ
ਪਰ ਅੱਗ ਤੇ ਨ੍ਹੇਰਾ
'ਕੱਠੇ ਕਦੋਂ ਨੇ ਹੁੰਦੇ

ਦੂਰ ਕਿਤੇ ਗਾਉਂਦੇ ਜੋਗੀ ਸੁਣਦੇ
ਪਰ ਸਮਝ ਨਾ ਪੈਂਦੇ ਬੋਲ ਉਹਨਾਂ ਦੇ
ਕੋਲ ਖੜੋਤਾ ਰੋਂਦਾ ਕੁੱਤਾ
ਗੱਲਾਂ ਕਰਦਾ ਲਗਦਾ

ਕੁੱਲ ਦੁਨੀਆਂ ਦੀਆਂ ਪਗਡੰਡੀਆਂ ਪਹੀਆਂ
ਛੋਟੀਆਂ ਵੱਡੀਆਂ ਸੜਕਾਂ
ਧੁੰਨੀ ਵਿਚੋਂ ਦਾਖਲ ਹੋ ਕੇ
ਸੀਨੇ ਵਿਚ
ਅਲੋਪ ਹੁੰਦੀਆਂ ਜਾਪਣ

ਸਮਾਂ ਤਾਂ ਚਲਦਾ ਰਹੇ ਨਿਰੰਤਰ
ਪਰ ਚਾਬੀ ਜਾਂ ਸੈੱਲ ਮੁੱਕਣ 'ਤੇ
ਘੜੀ ਖੜ੍ਹੀ ਹੋ ਜਾਂਦੀ

●

*Original with;*
Jaswant Singh Zafar
*Digitized by;*
Panjab Digital Library

## ਭਾਂਡਾ ਕਹੇ ਕੁਮਹਾਰ

ਮਾਂ
ਤੂੰ ਕਾਇਆਨਾਤ ਤੋਂ
ਹਵਾ ਪਾਣੀ ਮਿੱਟੀ ਦਾ ਕਣ ਕਣ ਲੈ ਕੇ
ਮੈਨੂੰ ਜੋੜਿਆ
ਆਪਣੀ ਦੇਹ ਦੇ ਚੱਕ ਤੇ ਚਾੜ੍ਹ ਕੇ ਆਕਾਰਿਆ
ਤੇ ਆਪਣੇ ਸੇਕ ਦੇ ਨਾਲ਼ ਪਕਾਇਆ
ਤੇਰੇ ਕਰਕੇ ਮੈਂ
ਪੂਰੀ ਕਾਇਨਾਤ ਦਾ 'ਹੋਣ' ਹਾਂ

ਸੱਚ ਦੱਸਾਂ
ਸੱਚ ਪਥਰਾ ਗਿਆ
ਇਕ ਮੇਰੇ ਅੰਦਰ
ਪਥਰੀ ਬਣ ਚੁੱਪ ਚਾਪ ਹੈ ਬੈਠਾ
ਇਸ ਦੇ ਬੋਲਣ ਨਾਲ਼
ਜਵਾਲਾਮੁਖੀ ਫਟ ਸਕਦੇ
ਆ ਸਕਦਾ ਭੁਚਾਲ ਤੂਫ਼ਾਨ ਸੁਨਾਮੀ

*Original with;*
Jaswant Singh Zafar
*Digitized by;*
Panjab Digital Library

ਇਸ ਖ਼ੌਫ਼ ਨੇ ਮੇਰਾ ਰਿਸ਼ਤਾ
ਨਾਲ਼ ਸ੍ਰਿਸ਼ਟੀ ਝੂਠਾ ਪਾਇਆ
ਕਾਇਨਾਤ ਨਾਲ਼ੋਂ ਟੁੱਟ ਚੱਲਿਆਂ
ਜਿਸ ਤੋਂ ਕਣ ਕਣ ਲੈ ਕੇ
ਤੂੰ ਜੋੜਿਆ ਮੈਨੂੰ

ਤੂੰ ਕਦ ਚਾਹੇਂਗੀ
ਕਿ ਮੈਨੂੰ
ਖ਼ੌਫ਼-ਰੋਗ ਦਾ ਸੋਕੜਾ ਮਾਰੇ
ਤੈਨੂੰ ਆਪਣੀ ਸੱਚ-ਪਥਰੀ
ਮੈਂ ਸੌਂਪ ਰਿਹਾਂ ਹਾਂ
ਦਿਲ ਕਰੇ ਜੇ
ਸਾਂਭੀ ਰੱਖੀਂ ਆਪਣੇ ਕੋਲ
ਦਿਲ ਕਰੇ ਤਾਂ
ਆਪਣੇ ਤਰੀਕੇ ਅਤੇ ਸਲੀਕੇ
ਇਸ ਦਾ ਕਣ ਕਣ
ਨਸ਼ਰ ਕਰ ਦੇਈਂ
ਕੁੱਲ ਕੁਦਰਤ ਨੂੰ

ਤੇਰੀ ਮਰਜ਼ੀ ਹੈ
ਤੇਰੇ ਕਰਕੇ ਹੀ ਤਾਂ ਮੈਂ
ਕੁੱਲ ਸ੍ਰਿਸ਼ਟੀ ਦਾ ਹੋਣ ਹਾਂ

•

*Original with;*
Jaswant Singh Zafar
*Digitized by;*
Panjab Digital Library

## ਅਸਲ ਯਾਤਰੂ

ਅਸਲ ਯਾਤਰੂ ਲਈ
ਦੋ ਪੈਰ ਬਥੇਰੇ ਦੂਰ ਦੇ ਘੇਰੇ
ਮਿਲਦੇ ਜਾ ਲੋਕਾਂ ਜਗਾਉਂਦੇ ਜੋਤਾਂ
ਦੋਮੇਲ ਤੱਕ ਨਦਰਾਂ ਹਾਲੇ ਤੱਕ ਕਦਰਾਂ

ਧਰਤੀ ਉਹਨਾਂ ਨੂੰ
ਯਾਦ ਹੈ ਕਰਦੀ ਲੰਮੇ ਸਾਹ ਭਰਦੀ
ਹੋ ਕੇ ਵੈਰਾਗਣ ਜਿਵੇਂ ਕੋਈ ਰਾਗਣ
ਪਿਆਰ ਵਿਚ ਗਾਵੇ ਤੇ ਨੀਰ ਵਹਾਵੇ

ਅਸੀਂ ਬਣੇ ਯਾਤਰੂ ਨਾ
ਭਾਵੇਂ ਕੋਲ ਗੱਡੀਆਂ ਸਪੀਡੀਂ ਛੱਡੀਆਂ
ਘਸਣ ਲੱਖ ਟਾਇਰ ਫੈਲਾਈਏ ਜ਼ਹਿਰ
ਤੇਲ ਖੂਹ ਮੁੱਕਣੇ ਧਰਤ ਪਈ ਸੁੱਕਣੇ

ਵਿਚ ਘੁੰਮਣ ਘੇਰੀ ਦੇ
ਗੇੜੀਆਂ ਖਾਈਏ ਕਿਤੇ ਨਾ ਜਾਈਏ
ਜੀ ਧੂੜਾਂ ਪੱਟੀਏ ਦੱਸੋ ਕੀ ਖੱਟੀਏ
ਸਾਰੇ ਰਾਹ ਮੱਲੇ ਸੂਤ ਨਾ ਚੱਲੇ

*Original with;*
Jaswant Singh Zafar
*Digitized by;*
Panjab Digital Library

## ਦੋਹੇ

ਇਕ ਕਟੋਰਾ ਚਾਨਣੀ ਇਕ ਤਾਰਿਆਂ ਦੀ ਮੁੱਠ
ਧਰਤੀ ਫੁਲਕਾ ਫੁੱਲਿਆ ਕੋਈ ਸਿੱਧ ਨਾ ਪੁੱਠ

ਛੁਪਿਆ ਮਗਰ ਪਹਾੜ ਦੇ ਚਾਂਦੀ ਵੰਨਾਂ ਚੰਨ
ਸੋਨ ਸਵੇਰਾ ਹੋ ਗਿਆ ਨੇਰ੍ਹ ਕੋਠੜੀ ਭੰਨ

ਚੜ੍ਹਦੇ ਪਾਸੇ ਲਾਲ ਸੀ ਛਿਪਣ ਸਮੇਂ ਵੀ ਲਾਲ
ਤਿੰਨ ਪਹਰਾਂ ਜੋ ਤੜਪਿਆ ਹੋਇਆ ਭੁੱਜ ਬੇਹਾਲ

ਰੂੰ ਦੇ ਜਿਓਂ ਪਹਾੜ ਨੇ ਬੱਦਲ ਚੜ੍ਹੇ ਅਥਾਹ
ਕਿਹੜਾ ਪੇਂਜਾ ਪਿੰਜਦਾ ਬੀਜੀ ਕੇਸ ਕਪਾਹ

ਮਿੱਟੀ ਦੇ ਵਿਚ ਪੈ ਕੇ ਹੱਸ ਪਿਆ ਏ ਬੀਅ
ਉਗਣਾ ਖਿੜਨਾ ਪੱਕਣਾ ਤੇ ਹੋਣਾ ਕੀ ਕੀ

ਧਰਤੀ ਬਹਬਿਲ ਹਾਲ ਸੀ ਰੜਕੀ ਅੰਬਰ ਅੱਖ
ਬਿਰਹੋਂ ਝੱਖੜ ਝੁੱਲਿਆ ਬੱਦਲ ਰੋਏ ਵੱਖ

*Original with;*
Jaswant Singh Zafar
*Digitized by;*
Panjab Digital Library

ਸਗਲੀ ਧਰਤ ਸੁਹਾਵਨੀ ਅੰਬਰ ਸਗਲ ਪਿਆਰ
ਸਗਲ ਕਾਮਨਾ ਅਗਨ ਹੈ ਸਗਲ ਜੰਤ ਪਰਵਾਰ

ਗੋਦੀ ਲੈ ਸੁਣਾਂਵਦੀ ਬੀਤੇ ਦਿਨ ਦੀ ਬਾਤ
ਜਦ ਤੱਕ ਬਾਤ ਨਾ ਮੁਕਦੀ ਮੁੜ ਮੁੜ ਪੈਂਦੀ ਰਾਤ

ਸਾਗਰ ਕੰਢੇ ਪਹੁੰਚਿਆ ਲੈ ਨੀਅਤ ਮਨ ਦੇਹ
ਪਾਣੀ ਪਾਣੀ ਹੋ ਗਿਆ ਸਾਗਰ ਤੱਕ ਤ੍ਰੇਹ

ਪਿੰਡਾ ਪਿੰਡਾ ਕੂਕਦਾ ਪਿੰਡਾ ਕਰੇ ਖਰੂਦ
ਪਿੰਡਾ ਪਿੰਡੇ ਲੱਗ ਕੇ ਸਿਰਜੇ ਨਵਾਂ ਵਜੂਦ

ਆਪੇ ਲਹਿਰਾਂ ਉਠਦੀਆਂ ਕੰਢੇ ਆ ਕੇ ਬੱਸ
ਇੰਜ ਹੀ ਚਾਲਾ ਚੱਲਣਾ ਨਾ ਭਰਵੱਟੇ ਕੱਸ

ਗੰਧਲੇ ਪਾਣੀ ਛੇੜ ਕੇ ਹੋਰ ਰਹੈਂ ਗੰਧਲਾਅ
ਚਾਹੁੰਨੈਂ ਕੁਝ ਨਤਾਰਨਾ ਚਾਹੀਦੈ ਟਿਕ ਟਕਾਅ

ਰੁੱਖ ਤੇ ਪੰਛੀ ਗਾ ਰਹੇ ਤੂੰ ਕਿਉਂ ਰੋਵੇਂ ਹੇਠ
ਰੁੱਤਾਂ ਗਾਵਨਹਾਰੀਆਂ ਕੀ ਭਾਦੋਂ ਕੀ ਜੇਠ

●

*Original with;*
Jaswant Singh Zafar
*Digitized by;*
Panjab Digital Library

## ਸਾਜ਼ ਤੇ ਆਵਾਜ਼

ਦੋਹਾਂ ਦੇ ਭਾਗੀਂ ਨਾ ਹੋਈ ਕਦੀ ਸੁਰੀਲੀ 'ਵਾਜ਼
ਮੈਂ ਹਾਂ ਇਕ ਅਣਜਾਣ ਸਾਜਿੰਦਾ ਜਾਂ ਫਿਰ ਤੂੰ ਨਾ ਸਾਜ਼

ਤਖਤਾ ਕੌਲੀ ਪਾਵਾ ਪੱਤਾ ਬਣ ਸਕਦੇ ਹਨ ਸਾਜ਼
ਕੱਢਣ ਵਾਲੇ ਤਾਂ ਕੱਢ ਲੈਂਦੇ ਪੱਥਰਾਂ 'ਚੋਂ ਆਵਾਜ਼

ਸੀਨੇ ਵਿਚ ਕਰੋੜਾਂ ਤਰਜ਼ਾਂ ਸ਼ਾਂਤ ਪਿਆ ਹੈ ਸਾਜ਼
ਬੰਦੇ ਨੂੰ ਪਰ ਟਿਕਣ ਨਾ ਦਿੰਦੀ ਮੈਂ ਮੈਂ ਦੀ ਆਵਾਜ਼

ਪੱਤੇ ਖੜਕੇ ਬੱਦਲ ਗਰਜੇ ਕਣੀਆਂ ਦੀ ਆਵਾਜ਼
ਘਾਬਰ ਗਈਆਂ ਪੱਕੀਆਂ ਫਸਲਾਂ ਸੁਣ ਕੇ ਮਾਰੂ ਸਾਜ਼

ਦੋ ਬਾਬੇ ਸਨ ਯਾਤਰੀ ਤੇ ਇਕ ਦੇ ਮੋਢੇ ਸਾਜ਼
ਧਰਤੀ ਅੰਬਰ ਗੂੰਜਣ ਲੱਗੇ ਹੋ ਕੇ ਇਕ ਆਵਾਜ਼

ਕੁਦਰਤ ਹੱਥੀਂ ਵੱਜਦਾ ਸੁਰ ਹੋਇਆ ਪਿੰਡਾ ਸਾਜ਼
ਸਦੀਆਂ ਤੀਕਰ ਗੂੰਜਣੀ ਇਸਦੀ ਮਧੁਰ ਆਵਾਜ਼

•

*Original with;*
Jaswant Singh Zafar
*Digitized by;*
Panjab Digital Library

## ਸਖੀਏ

ਤਨ ਤਰੰਗਤ ਤੇ ਮਨ ਮਦਹੋਸ਼ ਹੋਵੇ
ਰੂਹ ਰਾਗ ਦੇ ਨਾਲ਼ ਭਰਪੂਰ ਸਈਏ
ਤੇਰੀ ਯਾਦਾਂ ਦੀ ਭਰੀ ਕਿਤਾਬ ਵਿਚੋਂ
ਜਦੋਂ ਕਿਸੇ ਵੀ ਵਰਕੇ ਤੋਂ ਵਾਕ ਲਈਏ

ਚਾਹੁਣ ਫੁੱਲ ਛੋਹ ਤੇਰੇ ਪੋਟਿਆਂ ਦੀ
ਤੇ ਬੁੱਲ੍ਹੀਂ ਮੁਸਕਾਨ ਦਾ ਵਾਸਾ ਰਹੇ
ਇਨ੍ਹਾਂ ਨੈਣਾਂ ਦੇ ਡੂੰਘੇ ਸਰਵਰਾਂ ਦਾ
ਪ੍ਰੀਤ-ਹੰਸ ਨਾ ਕੋਈ ਪਿਆਸਾ ਰਹੇ

*Original with;*
Jaswant Singh Zafar
*Digitized by;*
Panjab Digital Library

ਤੇਰੇ ਨਿਰਮਲ ਨੀਰ ਦੇ ਪੱਤਣਾਂ 'ਤੇ
ਗੀਤ ਗੂੰਜਦੇ ਤੇ ਘੜੇ ਰਹਿਣ ਭਰਦੇ
ਚੰਚਲ ਚੁਸਤ ਖਿਆਲਾਂ ਦੇ ਮਿਰਗ ਆਵਣ
ਸਫ਼ੈਦ ਬੱਤਖਾਂ ਜਹੇ ਖ਼ਵਾਬ ਤਰਦੇ

ਸੀਨਾ ਜਜ਼ਬਿਆਂ ਨਾਲ਼ ਭਰਪੂਰ ਹੋਵੇ
ਸਿਰ ਨੂੰ ਹੌਸਲਾ ਕਰੀ ਬੁਲੰਦ ਰੱਖੇ
ਸਦਾ ਧੜਕਣਾਂ 'ਚੋਂ ਅਨਹਦ ਸੁਣੇ
ਸਾਹਾਂ ਨੂੰ ਮਹਿਕਾਈ ਸੁਗੰਧ ਰੱਖੇ

ਕਦਮ ਧਰਤ ਮੱਥੇ ਬ੍ਰਹਿਮੰਡ ਸਾਰਾ
ਬਾਹੀਂ ਕੁਲ ਲੋਕਾਈ ਸਮਾਈ ਹੋਵੇ
ਦਿਨ ਚੜ੍ਹੇ ਦੀ ਲਾਲੀ ਦਾ ਤੇਜ਼ ਹੋਵੇ
ਢਲਦੀ ਸ਼ਾਮ ਦੀ ਟਿਕਟਿਕਾਈ ਹੋਵੇ

ਨਿੰਮਲ਼ ਅਰਸ਼ ਸਤਰੰਗੀ ਦਾ ਭਾਗ ਹੋਵੇ
ਸ਼ੁਭ ਹਸਰਤਾਂ ਨੂੰ ਸਦਾ ਨਸੀਬ ਹੋਵੇਂ
ਸਭ ਰੰਗਾਂ 'ਚੋਂ ਤੇਰਾ ਹੀ ਰੰਗ ਦਿਸੇ
ਦੂਰ ਹੋ ਕੇ ਵੀ ਸਦਾ ਕਰੀਬ ਹੋਵੇਂ

•

*Original with;*
Jaswant Singh Zafar
*Digitized by;*
Panjab Digital Library

## ਗੀਤ

ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ
ਸੂਰਜ ਢਲ਼ਦਿਆਂ ਮੇਰੀ ਸ਼ਾਮ ਹੋਵੇਂ
ਹੋਵੇਂ ਦਿਨ ਦੀਆਂ ਸਰਗਰਮੀਆਂ
ਤੇ ਰਾਤਾਂ ਦੀ ਨੀਂਦ ਆਰਾਮ ਹੋਵੇਂ

ਤਨ ਮਨ ਦੋਹਾਂ ਦਾ ਹਾਲ ਹੋਵੇਂ
ਦਿਲ ਦਾ ਨਰਮ ਖਿਆਲ ਹੋਵੇਂ
ਖ਼ੁਸ਼ਖ਼ਤ ਇਬਾਰਤ ਪੜ੍ਹਨ ਲਈ
ਲਿਖਣ ਨੂੰ ਤਾਜ਼ਾ ਕਲਾਮ ਹੋਵੇਂ
ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ....

*Original with;*
Jaswant Singh Zafar
*Digitized by;*
Panjab Digital Library

ਤੂੰ ਉਡਣੇ ਦਾ ਉਤਸ਼ਾਹ ਹੋਵੇਂ
ਤੇ ਵਗਦੇ ਰਹਿਣ ਦਾ ਚਾਅ ਹੋਵੇਂ
ਜਦੋਂ ਦੌੜੀਏ ਤੇਰੀ ਸ਼ੂਕ ਹੋਵੇ
ਜਿਥੇ ਠਹਿਰੀਏ ਤੂੰ ਮੁਕਾਮ ਹੋਵੇਂ
ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ....

ਕੰਨਾਂ ਲਈ ਪਿਆਰਾ ਬੋਲ ਹੋਵੇਂ
ਹਰ ਵੇਲੇ ਇਸ ਤਰ੍ਹਾਂ ਕੋਲ ਹੋਵੇਂ
ਤੂੰ ਬਦੀਆਂ ਲਈ ਉਪਦੇਸ਼ ਬਣੇਂ
ਨੇਕੀ ਦਾ ਪਿਆਰ ਇਨਾਮ ਹੋਵੇਂ
ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ....

ਮੇਰੀ ਹਸਤੀ ਦੀ ਔਕਾਤ ਹੋਵੇਂ
ਤੇ ਮੁਕਤੀ ਦੀ ਸ਼ੁਰੂਆਤ ਹੋਵੇਂ
ਮੇਰੇ ਮਾਣ ਦੀ ਸਿਖ਼ਰ ਤੂੰ ਹੋਵੇਂ
ਹਰ ਕਰਨੀ ਦਾ ਅੰਜਾਮ ਹੋਵੇਂ
ਦਿਨ ਚੜ੍ਹਦਿਆਂ ਤੂੰ ਸਵੇਰ ਹੋਵੇਂ
ਸੂਰਜ ਢਲ਼ਦਿਆਂ ਮੇਰੀ ਸ਼ਾਮ ਹੋਵੇਂ
ਹੋਵੇਂ ਦਿਨ ਦੀਆਂ ਸਰਗਰਮੀਆਂ
ਤੇ ਰਾਤਾਂ ਦੀ ਨੀਂਦ ਆਰਾਮ ਹੋਵੇਂ

•

*Original with;*
Jaswant Singh Zafar
*Digitized by;*
Panjab Digital Library

## ਇਸ਼ਕ

ਪੌਣਾਂ ਨੱਚੀਆਂ ਦਿਸ਼ਾਵਾਂ ਹੱਸੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਕਤਰਾ ਕਤਰਾ ਛੱਲਾਂ ਹੋਇਆ
ਤਾਰਾ ਤਾਰਾ ਗੱਲਾਂ ਹੋਇਆ
ਕੋਈ ਫਰਕ ਨਾ ਚੜ੍ਹੀਆਂ ਲੱਥੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

*Original with;*
Jaswant Singh Zafar
*Digitized by;*
Panjab Digital Library

ਰਾਤ ਦਿਨਾਂ ਦਾ ਗੇੜਾ ਰੁੱਕਿਆ
ਗਲਤ ਸਹੀ ਦਾ ਝੇੜਾ ਮੁੱਕਿਆ
ਸਭ ਝੂਠੀਆਂ ਹੋਈਆਂ ਸੱਚੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਆਪਣੀ ਹੋਈ ਸਾਰੀ ਧਰਤੀ
ਰੌਲੇ ਅੰਦਰ ਵੀ ਚੁੱਪ ਵਰਤੀ
ਸਰਸਬਜ਼ ਨੇ ਟਿੱਬੀਆਂ ਢੱਕੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਜ਼ਿੰਦਗੀ ਮੌਤ ਜੋ ਸਕੀਆਂ ਭੈਣਾਂ
ਮੇਰੇ ਸ਼ਗਨ ਕਰੇਂਦੀਆਂ ਨੈਣਾਂ
ਸਭ ਸੱਸੀਆਂ ਸੋਹਣੀਆਂ ਨੱਚੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

ਰਾਂਝਾ ਸੈਦਾ ਵੀਰੇ ਵੀਰੇ
ਹਰ ਪਾਸੇ ਤੂੰ ਦਿਸਦੀ ਹੀਰੇ
ਇਕ ਹੋਈਆਂ ਮੁੰਦਰਾਂ ਨੱਤੀਆਂ ਨੀਂ
ਕੇਹੀਆਂ ਇਸ਼ਕ ਦੁਹਾਈਆਂ ਮੱਚੀਆਂ ਨੀਂ

•

*Original with;*
Jaswant Singh Zafar
*Digitized by;*
Panjab Digital Library

## ਸ਼ਿੰਗਾਰ ਗੀਤ

ਗੱਲ ਸੁਣ ਮੇਰੇ ਪਿਆਰ ਵੇ
ਨਾ ਕੱਜਲੇ ਦੀ ਧਾਰ ਵੇ
ਮੇਰੀ ਅੱਖ ਮੰਗਦੀ ਤੇਰਾ ਦਰਸ ਦੀਦਾਰ ਵੇ

ਨਾ ਕਾਂਟੇ ਬੁੰਦੇ ਢੋਲ ਵੇ
ਬਹਿ ਜਾ ਮੇਰੇ ਕੋਲ ਵੇ
ਮੇਰੇ ਕੰਨ ਮੰਗਦੇ ਠੰਡੇ ਮਿੱਠੜੇ ਬੋਲ ਵੇ

*Original with;*
Jaswant Singh Zafar
*Digitized by;*
Panjab Digital Library

ਟਿੱਕਾ ਸੂਈਆਂ ਫੁੱਲ ਵੇ
ਨਿਰੇ ਬੋਝ ਦੇ ਤੁੱਲ ਵੇ
ਇਹਨਾਂ ਵਾਲ਼ਾਂ 'ਤੇ ਨਾ ਹੱਥ ਫੇਰਨਾ ਭੁੱਲ ਵੇ

ਗਜਰੇ ਚੂੜੇ ਕੱਖ ਵੇ
ਦੁਨੀਆਂ ਪਹਿਨੇ ਲੱਖ ਵੇ
ਮੇਰੀ ਵੀਣੀ ਨੂੰ ਹੱਥ 'ਚ ਫੜ ਕੇ ਰੱਖ ਵੇ

ਛਾਪਾਂ ਛੱਲੇ ਮੁੰਦੀਆਂ
ਮੂਲੋਂ ਨਹੀਂ ਸੋਹੁੰਦੀਆਂ
ਤੇਰੀਆਂ ਉਂਗਲਾਂ ਦੇ ਵਿਚ ਉਂਗਲਾਂ ਹੁੰਦੀਆਂ

ਇਹ ਵੀ ਦੇਵਾਂ ਦੱਸ ਵੇ
ਤੀਲੀ ਲੌਂਗ ਨਾ ਨੱਥ ਵੇ
ਮੇਰਾ ਨੱਕ ਚਾਹੁੰਦਾ ਛੂਹਵੇ ਤੇਰਾ ਨੱਕ ਵੇ

ਨਾ ਜੰਜੀਰੀ ਹਾਰ ਵੇ
ਸੋਨਾ ਚਾਂਦੀ ਭਾਰ ਵੇ
ਮੇਰੇ ਗਲ਼ ਲਈ ਤਾਂ ਬਾਹਵਾਂ ਦੇ ਉਲਾਰ ਵੇ

ਜੋ ਵਿਕਦਾ ਵਿਚ ਬਜ਼ਾਰ ਵੇ
ਨਾ ਚਾਹਵਾਂ ਹਾਰ ਸ਼ਿੰਗਾਰ ਵੇ
ਮੇਰਾ ਦਿਲ ਮੰਗਦਾ ਪਿਆਰੇ ਤੇਰਾ ਪਿਆਰ ਵੇ

●

*Original with;*
Jaswant Singh Zafar
*Digitized by;*
Panjab Digital Library

## ਗ਼ਜ਼ਲ-1

ਮੁੜ ਮੁੜ ਕੇ ਮੈਂ ਤੇਰੀ ਗੱਲ ਨਕਾਰ ਦਿਆਂ
ਤੂੰ ਜੋ ਆਖੇਂ ਤੈਨੂੰ ਦਿਲੋਂ ਵਿਸਾਰ ਦਿਆਂ

ਤੂੰ ਆਵੇਂ ਤਾਂ ਮੈਂ ਤੇਰੇ ਲਈ ਸ਼ਾਮਾਂ ਨੂੰ
ਪਾਣੀ ਅੰਦਰ ਸੂਰਜ ਨਕਸ਼ ਉਤਾਰ ਦਿਆਂ

ਤੈਨੂੰ ਦਿੱਤਿਆਂ ਮੇਰਾ ਹੀ ਸਭ ਰਹਿਣਾ ਹੈ
ਜਿੰਨਾ ਮੇਰਾ ਹੈ ਤੈਨੂੰ ਸੰਸਾਰ ਦਿਆਂ

*Original with;*
Jaswant Singh Zafar
*Digitized by;*
Panjab Digital Library

ਜਾਂ ਤਾਂ ਅੰਦਰ ਜੋ ਧੁਖ਼ਦਾ ਉਹ ਜਗ ਉੱਠੇ
ਜਾਂ ਫਿਰ ਤੇਰੇ ਸੀਨੇ ਲੱਗਾਂ ਠਾਰ ਦਿਆਂ

ਤੂੰ ਤੇ ਮੈਂ ਦਾ ਜੋੜ ਹੈ ਆਪਾਂ ਤਾਂ ਬਣਦਾ
ਆਪਾਂ ਅੱਗੇ ਜੇਕਰ ਮੈਂ ਨੂੰ ਹਾਰ ਦਿਆਂ

ਤੇਰੇ ਹਾਸੇ 'ਚੋਂ ਮੈਨੂੰ ਜੋ ਸੁਣਦਾ ਹੈ
ਉਸ ਤੋਂ ਅਪਣੇ ਕੁੱਲ ਬੋਲਾਂ ਨੂੰ ਵਾਰ ਦਿਆਂ

ਹਵਾ ਦੀਆਂ ਨਜ਼ਰਾਂ ਤੋਂ ਪਰਦਾ ਰੱਖੀਦਾ
ਤੇਰੇ ਲਈ ਤਾਂ ਪਰਦੇ ਸਭੇ ਉਤਾਰ ਦਿਆਂ

ਬਿੰਦੂ ਅੰਦਰ ਉਂਜ ਤਾਂ ਬ੍ਰਹਿਮੰਡ ਸਾਰਾ ਹੈ
ਸੀਮਤ ਦਾਇਰਾ ਬਣਦਾ ਜੇ ਵਿਸਥਾਰ ਦਿਆਂ

ਤੂੰ ਆਪੇ ਹੀ ਤਰ ਲੈਂਦਾ ਹੈਂ ਬੁਲਬੁਲਿਆ
ਮੈਂ ਸੋਚਾਂ ਕਿ ਤਲ 'ਤੇ ਤੁਪਕਾ ਤਾਰ ਦਿਆਂ

ਜੋ ਵੇਲੇ ਦੀ ਅੱਖ 'ਚ ਪਈਆਂ ਰੜਕਣ ਨਾ
ਓਹਨਾਂ ਅੱਖਾਂ ਅੰਦਰ ਲਿਸ਼ਕ ਉਤਾਰ ਦਿਆਂ

•

*Original with;*
Jaswant Singh Zafar
*Digitized by;*
Panjab Digital Library

## ਗ਼ਜ਼ਲ-2

ਪੈਰਾਂ ਹੇਠਾਂ ਧਰਤੀ ਡੋਲੀ ਸਿਰ 'ਤੇ ਅੰਬਰ ਡੋਲ ਰਿਹਾ
ਮੇਰਾ ਚਿੱਤ ਨਾ ਡੋਲਣ ਦਿੱਤਾ ਤੂੰ ਜੋ ਮੇਰੇ ਕੋਲ ਰਿਹਾ

ਤੇਰੇ ਨਾਲ਼ ਇਕੱਲੇ ਬਹਿ ਕੇ ਰਾਤੀਂ ਗੱਲਾਂ ਕਰਦੇ ਰਹੇ
ਕਾਲੀ ਚਾਦਰ ਤਾਰਿਆਂ ਵਾਲੀ ਚੰਨ ਸਿਰ੍ਹਾਣਾ ਗੋਲ ਰਿਹਾ

ਆਪਣੇ ਹੱਥੋਂ ਹੀ ਹੋਇਆ ਹੈ ਉਸ ਦਾ ਬਚਣਾ ਮੁਸ਼ਕਿਲ ਹੁਣ
ਅੰਦਰ ਜਿਹੜਾ ਵਿੱਸ ਘੋਲਦਾ ਬਾਹਰੋਂ ਅੰਮ੍ਰਿਤ ਟੋਲ ਰਿਹਾ

ਅਪਣੀ ਮੈਂ ਦੇ ਅੱਗੇ ਉਸਦੀ ਅੱਜ ਕੱਲ੍ਹ ਬਹੁਤੀ ਚਲਦੀ ਨਾ
ਹਰ ਵੇਲੇ ਉਸਦੀ ਮੈਂ ਬੋਲੇ ਖ਼ੁਦ ਘੱਟ ਵੱਧ ਹੀ ਬੋਲ ਰਿਹਾ

ਜਿਉਂਦਾ ਰਹਿ ਓ ਜੀਣ ਜੋਗਿਆ ਧਰਤ ਬੰਦੇ ਨੂੰ ਕਿੰਜ ਕਹੇ
ਪੌਣਾਂ ਰੋਜ਼ ਪਲੀਤ ਕਰੇ ਜੋ ਜਲ ਵਿਚ ਜ਼ਹਿਰਾਂ ਘੋਲ ਰਿਹਾ

*Original with;*
Jaswant Singh Zafar
*Digitized by;*
Panjab Digital Library

## ਗ਼ਜ਼ਲ-3

ਦਿਸ਼ਾ ਵੀ ਠੀਕ ਰੱਖਣ ਲਈ ਤੇ ਸੋਹਣੀ ਚਾਲ ਰੱਖਣ ਲਈ
ਤੁਹਾਨੂੰ ਪਿਆਰ ਕਰਦਾ ਹਾਂ ਮੈਂ ਅਪਣਾ ਖਿਆਲ ਰੱਖਣ ਲਈ

ਜਦੋਂ ਗੁੰਮ ਸੁੰਮ ਮੈਂ ਹੋ ਜਾਵਾਂ ਮੇਰੀ ਦੁਨੀਆਂ ਹੀ ਗੁੰਮ ਜਾਵੇ
ਤੁਹਾਡੇ ਨਾਲ਼ ਰਹਿੰਦਾ ਹਾਂ ਤੁਹਾਨੂੰ ਨਾਲ਼ ਰੱਖਣ ਲਈ

ਤੁਹਾਡੀ ਦੋਸਤੀ ਵੀ ਖ਼ੂਬ ਪਹਿਰੇ ਦਾਰ ਹੋਈ ਹੈ
ਦਵੇ ਸ਼ਿਸ਼ਕੇਰ ਜੋ ਪੀੜਾਂ ਗ਼ਮਾਂ ਨੂੰ ਟਾਲ ਰੱਖਣ ਲਈ

ਬਹੁਤ ਕੁਝ ਭੇਟ ਕਰਨਾ ਅਰਪਨਾ ਵੰਡਣਾ ਜ਼ਰੂਰੀ ਹੈ
ਖ਼ਜਾਨਾ ਹਰ ਤਰ੍ਹਾਂ ਦਾ ਯਾਰੋ ਮਾਲਾ ਮਾਲ ਰੱਖਣ ਲਈ

ਸਲਾਮਤ ਰਹਿਣੀਆਂ ਪੈੜਾਂ ਇਨ੍ਹਾਂ ਪੈੜਾਂ 'ਤੇ ਤੁਰਿਆਂ ਹੀ
ਸਿਰ੍ਹਾਣੇ ਬੈਠ ਨਾ ਪੈੜਾਂ ਦੇ ਸ਼ਾਂਭ ਸੰਭਾਲ ਰੱਖਣ ਲਈ

•

*Original with;*
Jaswant Singh Zafar
*Digitized by;*
Panjab Digital Library

## ਗ਼ਜ਼ਲ-4

ਥੋੜ੍ਹੇ ਪਲ ਹਾਸੇ ਵਿਚ ਗੁਜ਼ਰਨ ਥੋੜ੍ਹੇ ਨੱਚਣ ਗਾਉਣ 'ਚ ਗੁਜ਼ਰਨ
ਏਸ ਉਮਰ ਦੇ ਬਹੁਤੇ ਪਲ ਤਾਂ ਆਪਣਾ ਮਨ ਸਮਝਾਉਣ 'ਚ ਗੁਜ਼ਰਨ

ਹੱਸਣ ਅਤੇ ਹਸਾਉਣ ਤੋਂ ਚੰਗਾ ਦੁਨੀਆਂ ਵਿਚ ਕੀ ਹੋ ਸਕਦਾ ਹੈ
ਜਾਣਦਿਆਂ ਹੋਇਆਂ ਵੀ ਜੀਵਨ ਬਹੁਤੇ ਰੋਣ ਰਵਾਉਣ 'ਚ ਗੁਜ਼ਰਨ

ਸੁੱਖ ਲੈਣ ਲਈ ਦੁੱਖ ਦੇਣ ਦਾ ਵਣਜ ਕਦੀ ਵੀ ਫਲ ਨਹੀਂ ਸਕਦਾ
ਲੰਮਾ ਸੁੱਖ ਉਹੀ ਪਲ ਦਿੰਦੇ ਜਿਹੜੇ ਦੁੱਖ ਵੰਡਾਉਣ 'ਚ ਗੁਜ਼ਰਨ

ਸਰਵਣ ਪੇਖਣ ਥੋੜ੍ਹਾ ਥੋੜ੍ਹਾ ਦੋ ਦੋ ਕੰਨ ਤੇ ਅੱਖਾਂ ਹੁੰਦਿਆਂ
ਜੀਭਾ 'ਕੱਲੀ ਹੀ ਹੁੰਦੀ ਪਰ ਬਹੁਤੇ ਪਲ ਫ਼ੁਰਮਾਉਣ 'ਚ ਗੁਜ਼ਰਨ

ਵਿਰਲੇ ਟਾਵੇਂ ਲੇਖੇ ਲਗਦੇ ਉਂਜ ਤੇ ਆਪਣੇ ਸਾਰੇ ਹੀ ਸਾਹ
ਆਕਸੀਜਨ ਨੂੰ ਕਾਰਬਨ ਡਾਈਆਕਸਾਈਡ ਬਣਾਉਣ 'ਚ ਗੁਜ਼ਰਨ

•

*Original with;*
Jaswant Singh Zafar
*Digitized by;*
Panjab Digital Library

## ਗ਼ਜ਼ਲ-5

ਪਤਾ ਨਹੀਂ ਇਹ ਇਕੋ ਗੱਲ ਹੈ ਜਾਂ ਫਿਰ ਹੋਰ ਕਹਾਣੀ
ਤੂੰ ਜਿਸ ਨੂੰ ਨੇਤਰ ਜਲ ਕਹਿੰਨਾਂ ਮੈਂ ਅੱਖਾਂ ਦਾ ਪਾਣੀ

ਚਰਨ ਪਾਏ ਤੇਰੇ ਗ੍ਰਿਹਿ ਅੰਦਰ ਮੈਂ ਘਰ ਆ ਕੇ ਵੜਿਆ
ਤੇਰਾ ਹੈ ਪ੍ਰਸ਼ਾਦਾ ਛਕਣਾ ਸਾਡਾ ਰੋਟੀ ਖਾਣੀ

ਤੇਰੀ ਪਾਵਨ ਰਸਨਾ ਉਚਰੇ ਸਾਡੀ ਜੀਭ ਹੈ ਕਹਿੰਦੀ
ਤੂੰ ਤਾਂ ਮੁੱਖ ਤੋਂ ਬਚਨ ਉਚਾਰੇਂ ਮੈਂ ਬੋਲਾਂ ਮੂੰਹ ਥਾਣੀ

ਤੂੰ ਆਸਣ 'ਤੇ ਬਿਰਾਜਮਾਨ ਤੇ ਮੈਂ ਹਾਂ ਥਾਂ ਸਿਰ ਬੈਠਾ
ਨਿਰਮਲ ਵਸਤਰ ਤੇਰੇ ਸਾਡੇ ਧੋਤੇ ਲੀੜੇ ਜਾਣੀ

ਤੂੰ ਦਾਸਨ ਕਾ ਦਾਸ ਕਹਾਵੇਂ ਯਾਰ ਯਾਰਾਂ ਦੇ ਆਪਾਂ
ਤੇਰੇ ਨਾਲ਼ ਹੈ ਸੇਵਕ ਸੰਗਤ ਮੇਰੇ ਬੇਲੀ ਢਾਣੀ

ਤੂੰ ਭਾਈ ਕਰ ਕਮਲਾਂ ਵਾਲਾ ਸਾਡੇ ਹੱਥ ਸਧਾਰਨ
ਮਹਾਂਪੁਰਸ਼ ਕੀ ਰੀਸ ਨਾ ਕਰਤੇ ਹਮ ਕਲਯੁਗ ਕੇ ਪ੍ਰਾਣੀ

•

*Original with;*
Jaswant Singh Zafar
*Digitized by;*
Panjab Digital Library

ਸਭ ਕੁਝ ਕਦੀ ਖਤਮ ਨਾ ਹੁੰਦਾ
ਕੁਛ ਨਾ ਕੁਛ ਤੇ ਰਹਿ ਜਾਂਦਾ ਹੈ
ਬੋਲਿਆਂ ਸਭ ਕੁਝ ਬੋਲ ਨਾ ਹੋਵੇ
ਚੁੱਪ ਕੀਤਾ ਕੁਝ ਕਹਿ ਜਾਂਦਾ ਹੈ

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

B-089568

ਮੁਹੱਬਤ ਕਰਨਾ ਦਲੇਰੀ ਵਾਲਾ ਕੰਮ ਹੈ। ਆਪਣੇ ਆਪੇ ਨੂੰ ਤਿਆਗ ਕੇ, ਦੂਸਰੇ ਦੇ ਦੂਸਰੇਪਣ ਨੂੰ ਅਪਨਾਉਣਾ: ਵਿਅਕਤੀਵਾਦ ਅਤੇ ਆਤਮ-ਮੋਹ ਦੇ ਜ਼ਮਾਨੇ ਵਿਚ ਇਸ ਤੋਂ ਵਧੇਰੇ ਕਠਿਨ ਕੰਮ ਭਲਾ ਹੋਰ ਕੀ ਹੋ ਸਕਦਾ ਹੈ।

ਨਵੀਂ ਸਦੀ ਹੈ। ਮੁਹੱਬਤ ਨੂੰ ਵੀ ਨਵੀਆਂ ਚਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਜਦੋਂ ਕਿ ਮੁਹੱਬਤ ਨੂੰ ਉਦਾਰਵਾਦ ਅਤੇ ਮੌਜ-ਵਾਦ ਦੀ ਸਾਂਝੀ ਗੁਲਾਮੀ ਵਿਚੋਂ ਗੁਜ਼ਰਨਾ ਪੈ ਰਿਹਾ ਹੈ, ਜਸਵੰਤ ਜ਼ਫ਼ਰ ਦੀ ਇਹ ਪੁਸਤਕ 'ਪਿਆਰੇ ਆਉ ਘਰੇ' ਮੁਹੱਬਤ ਦੀ ਇਸ ਕੈਦ ਵਿਚੋਂ ਮੁਕਤੀ ਦਾ ਨਵਾਂ ਨਰੋਆ ਕਾਵਿ-ਪ੍ਰਵਚਨ ਬਣ ਕੇ ਸਾਹਮਣੇ ਆਈ ਹੈ।

ਆਪਣੇ ਪ੍ਰਗਟਾਅ ਰੂਪ ਵਿਚ ਸੰਖੇਪ ਅਤੇ ਅੰਤਰਦ੍ਰਿਸ਼ਟੀਆਂ ਵਿਚ ਅਚੁਕ 'ਪਿਆਰੇ ਆਉ ਘਰੇ' ਨਵੇਂ ਵਕਤਾਂ ਵਿਚ ਨਵੀਆਂ ਚਨੌਤੀਆਂ ਦੇ ਸਨਮੁਖ ਨਵੀਂ ਸ਼ਾਇਰੀ ਦੀ ਮਹੱਤਵਪੂਰਨ ਅਤੇ ਸਨਮਾਨਯੋਗ ਐਂਟਰੀ ਹੈ।

*- ਅਮਰਜੀਤ ਸਿੰਘ ਗਰੇਵਾਲ*

**A Group of**

**Chetna Parkashan**

**Ludhiana | Kotkapura | Canada | USA**

ISBN 938762988-0

9789387629882

*Piare Aao Gharey*

₹ 150/-

Design:Swarnjit Savi

*Original with;*
Jaswant Singh Zafar
*Digitized by;*
Panjab Digital Library